**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਅਮਨਦੀਪ ਸਿੰਘ,
ਪੁੱਤਰ ਸ੍ਰੀ ਸੁਰਿੰਦਰ ਸਿੰਘ,
ਮਕਾਨ ਨੰ:426/2, ਘੇਰ ਸੋਢੀਆਂ,
ਪਟਿਆਲਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਸਕੱਤਰ, ਅਧੀਨ ਸੇਵਾਵਾਂ ਚੋਣ ਬੋਰਡ,
ਪੰਜਾਬ, ਮੁਹਾਲੀ।

ਪਹਿਲੀ ਅਪੀਲੀ ਅਥਾਰਟੀ-ਕਮ-
ਦਫਤਰ ਸਕੱਤਰ, ਅਧੀਨ ਸੇਵਾਵਾਂ ਚੋਣ ਬੋਰਡ,
ਪੰਜਾਬ, ਮੁਹਾਲੀ। -------ਉੱਤਰਦਾਤਾ

**ਅਪੀਲ ਕੇਸ ਨੰ:2442/2019**

**ਹਾਜ਼ਰ:-**

1) ਅਪੀਲਕਰਤਾ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਨਹੀਂ।

**ਹੁੱਕਮ:**

ਪਿਛਲੀ ਪੇਸ਼ੀ, ਮਿਤੀ 11-09-2019 ਤੇ ਅਪੀਲਕਰਤਾ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵਲੋਂ ਪੇਸ਼ੀ ਤੇ ਹਾਜ਼ਰ ਨਾ ਹੋਣ ਬਾਰੇ ਈ.ਮੇਲ ਮਿਤੀ 11-09-2019 ਰਾਹੀਂ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਇਸ ਕੇਸ ਦੀ ਪੈਰਵਾਈ ਵਾਸਤੇ ਪੇਸ਼ੀ ਲਈ ਅਗਲੀ ਮਿਤੀ ਦੀ ਮੰਗ ਕੀਤੀ ਗਈ ਸੀ । ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਮੋਹਿਤ, ਸੀਨੀਅਰ ਸਹਾਇਕ ਨੇ ਪੱਤਰ ਨੰ: 1/66/2013-6ਅ(ਅਸਚਬ)/1607-1608, ਮਿਤੀ 06-09-2019 ਜੋ ਕਿ ਅਪੀਲਕਰਤਾ ਨੂੰ ਸੰਬੋਧਿਤ ਹੈ, ਦੀ ਕਾਪੀ ਪੇਸ਼ ਕਰਦੇ ਹੋਏ ਕਿਹਾ ਗਿਆ ਸੀ ਕਿ ਅਪੀਲਕਰਤਾ ਵੱਲੋਂ ਮੰਗੀ ਗਈ ਸੂਚਨਾ ਨਾਲ ਸਬੰਧਤ ਮਾਮਲਾ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਵਿਚਾਰ-ਅਧੀਨ ਹੈ ਜਿਸ ਕਾਰਨ ਅਪੀਲਕਰਤਾ ਨੂੰ ਸੂਚਨਾ ਮੁਹੱਈਆ ਨਹੀਂ ਕਰਵਾਈ ਜਾ ਸਕਦੀ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਸੀ। ਅਪੀਲਕਰਤਾ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੰਦੇ ਹੋਏ ਇਹ ਕੇਸ ਅਗਲੀ ਸੁਣਵਾਈ ਮਿਤੀ 09-10-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਅੱਜ ਪੇਸ਼ੀ ਤੇ ਹਾਜ਼ਰ ਹੋਇਆ, ਉਸਨੇ ਦਸਿਆ ਕਿ ਉਤਰਦਾਤਾ ਵਲੋਂ ਜ਼ੋ ਸੂਚਨਾ ਦਿੱਤੀ ਗਈ ਹੈ ਉਹ ਅਧੂਰੀ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਅੱਜ ਪੇਸ਼ੀ ਤੇ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾਂ ਹੀ ਨਾ ਹਾਜ਼ਰ ਹੋਣ ਸਬੰਧੀ ਕੋਈ ਈ.ਮੇਲ ਜਾਂ ਸੂਚਨਾ ਹੀ ਭੇਜੀ ਗਈ ਹੈ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਅਪੀਲਕਰਤਾ ਨੂੰ ਜ਼ੋ ਸੂਚਨਾ ਮੁੱਹਈਆ ਕਰਵਾਈ ਗਈ ਹੈ ਉਹ ਅਧੂਰੀ ਹੈ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਸ ਨੂੰ ਪ੍ਰਾਪਤ ਸੂਚਨਾ ਵਿਚ ਜੇ ਕੋਈ ਤਰੁੱਟੀਆਂ ਪਾਈਆਂ ਗਈਆਂ ਹਨ ਉਨ੍ਹਾਂ ਸਬੰਧੀ ਉਤਰਦਾਤਾ ਨੂੰ ਸਿੱਧੇ ਤੌਰ ਤੇ ਲਿਖਦੇ ਹੋਏ ਕਾਪੀ ਕਮਿਸ਼ਨ ਨੂੰ ਭੇਜੀ ਜਾਵੇ। ਇਸ ਦੇ ਨਾਲ ਹੀ ਉਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਜੇਕਰ ਕੋਈ ਤਰੁੱਟੀਆਂ ਬਾਰੇ ਉਨ੍ਹਾਂ ਨੂੰ ਦੱਸਦਾ ਹੈ ਤਾਂ ਦਸੀਆਂ ਗਈਆਂ ਤਰੁੱਟੀਆਂ ਨੂੰ ਦੂਰ ਕਰਕੇ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਉਸਨੂੰ ਸੂਚਿਤ ਕਰਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਕੇਸ ਵਿਚ **ਅਗਲੀ ਸੁਣਵਾਈ ਦੀ ਮਿਤੀ 24-10-2019 ਨਿਸਚਿਤ ਕੀਤੀ ਜਾਂਦੀ ਹੈ**।

(ਨਿਧੱੜਕ ਸਿੰਘ ਬਰਾੜ)
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 09 ਅਕਤੂਬਰ, 2019.**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਅਮਨਦੀਪ ਸਿੰਘ,
ਪੁੱਤਰ ਸ਼੍ਰੀ ਸੁਰਿੰਦਰ ਸਿੰਘ,
ਮਕਾਨ ਨੰ:426/2, ਘੇਰ ਸੋਢੀਆਂ,
ਪਟਿਆਲਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਸਕੱਤਰ, ਅਧੀਨ ਸੇਵਾਵਾਂ ਚੋਣ ਬੋਰਡ,
ਪੰਜਾਬ, ਮੁਹਾਲੀ।

ਪਹਿਲੀ ਅਪੀਲੀ ਅਥਾਰਟੀ-ਕਮ-
ਦਫਤਰ ਸਕੱਤਰ, ਅਧੀਨ ਸੇਵਾਵਾਂ ਚੋਣ ਬੋਰਡ,
ਪੰਜਾਬ, ਮੁਹਾਲੀ। -------ਉੱਤਰਦਾਤਾ

**ਅਪੀਲ ਕੇਸ ਨੰ:2443/2019**

**ਹਾਜ਼ਰ:-**

1) ਅਪੀਲਕਰਤਾ ਵੱਲੋਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਨਹੀਂ।

**ਹੁੱਕਮ:**

ਪਿਛਲੀ ਪੇਸ਼ੀ, ਮਿਤੀ 11-09-2019 ਤੇ ਅਪੀਲਕਰਤਾ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵਲੋਂ ਪੇਸ਼ੀ ਤੇ ਹਾਜ਼ਰ ਨਾ ਹੋਣ ਬਾਰੇ ਈ.ਮੇਲ ਮਿਤੀ 11-09-2019 ਰਾਹੀਂ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਇਸ ਕੇਸ ਦੀ ਪੈਰਵਾਈ ਵਾਸਤੇ ਪੇਸ਼ੀ ਲਈ ਅਗਲੀ ਮਿਤੀ ਦੀ ਮੰਗ ਕੀਤੀ ਗਈ ਸੀ । ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਮੋਹਿਤ, ਸੀਨੀਅਰ ਸਹਾਇਕ ਨੇ ਪੱਤਰ ਨੰ: 1/66/2013-6ਅ(ਅਸਚਬ)/1607-1608, ਮਿਤੀ 06-09-2019 ਜੋ ਕਿ ਅਪੀਲਕਰਤਾ ਨੂੰ ਸੰਬੋਧਿਤ ਹੈ, ਦੀ ਕਾਪੀ ਪੇਸ਼ ਕਰਦੇ ਹੋਏ ਕਿਹਾ ਗਿਆ ਸੀ ਕਿ ਅਪੀਲਕਰਤਾ ਵੱਲੋਂ ਮੰਗੀ ਗਈ ਸੂਚਨਾ ਨਾਲ ਸਬੰਧਤ ਮਾਮਲਾ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਵਿਚਾਰ-ਅਧੀਨ ਹੈ ਜਿਸ ਕਾਰਨ ਅਪੀਲਕਰਤਾ ਨੂੰ ਸੂਚਨਾ ਮੁਹੱਈਆ ਨਹੀਂ ਕਰਵਾਈ ਜਾ ਸਕਦੀ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਸੀ। ਅਪੀਲਕਰਤਾ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੰਦੇ ਹੋਏ ਇਹ ਕੇਸ ਅਗਲੀ ਸੁਣਵਾਈ ਮਿਤੀ 09-10-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਅੱਜ ਪੇਸ਼ੀ ਤੇ ਹਾਜ਼ਰ ਹੋਇਆ, ਉਸਨੇ ਦਸਿਆ ਕਿ ਉਤਰਦਾਤਾ ਵਲੋਂ ਜ਼ੋ ਸੂਚਨਾ ਦਿੱਤੀ ਗਈ ਹੈ ਉਹ ਅਧੂਰੀ ਹੈ।

3. ਉਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਅੱਜ ਪੇਸ਼ੀ ਤੇ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾਂ ਹੀ ਨਾ ਹਾਜ਼ਰ ਹੋਣ ਸਬੰਧੀ ਕੋਈ ਈ.ਮੇਲ ਜਾਂ ਸੂਚਨਾ ਹੀ ਭੇਜੀ ਗਈ ਹੈ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਅਪੀਲਕਰਤਾ ਨੂੰ ਜ਼ੋ ਸੂਚਨਾ ਮੁੱਹਈਆ ਕਰਵਾਈ ਗਈ ਹੈ ਉਹ ਅਧੂਰੀ ਹੈ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਸ ਨੂੰ ਪ੍ਰਾਪਤ ਸੂਚਨਾ ਵਿਚ ਜੇ ਕੋਈ ਤਰੁੱਟੀਆਂ ਪਾਈਆਂ ਗਈਆਂ ਹਨ ਉਨ੍ਹਾਂ ਸਬੰਧੀ ਉਤਰਦਾਤਾ ਨੂੰ ਸਿੱਧੇ ਤੌਰ ਤੇ ਲਿਖਦੇ ਹੋਏ ਕਾਪੀ ਕਮਿਸ਼ਨ ਨੂੰ ਭੇਜੀ ਜਾਵੇ। ਇਸ ਦੇ ਨਾਲ ਹੀ ਉਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਜੇਕਰ ਕੋਈ ਤਰੁੱਟੀਆਂ ਬਾਰੇ ਉਨ੍ਹਾਂ ਨੂੰ ਦੱਸਦਾ ਹੈ ਤਾਂ ਦਸੀਆਂ ਗਈਆਂ ਤਰੁੱਟੀਆਂ ਨੂੰ ਦੂਰ ਕਰਕੇ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਉਸਨੂੰ ਸੂਚਿਤ ਕਰਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਕੇਸ ਵਿਚ **ਅਗਲੀ ਸੁਣਵਾਈ ਦੀ ਮਿਤੀ 24-10-2019 ਨਿਸਚਿਤ ਕੀਤੀ ਜਾਂਦੀ ਹੈ**।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 09 ਅਕਤੂਬਰ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਸ਼ਵੈਤਾ ਅਰੋੜਾ,
ਡਿਪਟੀ ਰਜਿਸਟਰਾਰ,
ਸੈਂਟਰਲ ਯੂਨੀਵਰਸਿਟੀ ਆਫ ਪੰਜਾਬ,
ਮਾਨਸਾ ਰੋਡ, ਬੰਠਿਡਾ। -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਰਜਿਸਟਰਾਰ,
ਬਾਬਾ ਫਰੀਦ ਯੂਨੀਵਰਸਿਟੀ ਆਫ
ਹੈਲਥ ਸਾਇੰਸਿਜ਼, ਫਰੀਦਕੋਟ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਰਜਿਸਟਰਾਰ,
ਬਾਬਾ ਫਰੀਦ ਯੂਨੀਵਰਸਿਟੀ ਆਫ
ਹੈਲਥ ਸਾਇੰਸਿਜ਼, ਫਰੀਦਕੋਟ। -------ਉੱਤਰਦਾਤਾ

**ਅਪੀਲ ਕੇਸ ਨੰ: 2457/2019**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਨਹੀਂ ।
2) ਉੱਤਰਦਾਤਾ(ਲੋਕ ਸੂਚਨਾ ਅਧਿਕਾਰੀ) ਵੱਲੋਂ ਮੈਡਮ ਸੰਗੀਤਾ, ਵਕੀਲ (81468-29983)।

**ਹੁੱਕਮ:**

ਪਿਛਲੀ ਪੇਸ਼ੀ ਦੀ ਮਿਤੀ 11-09-2019 ਨੂੰ ਅਪੀਲਕਰਤਾ ਵੱਲੋਂ ਸ਼੍ਰੀ ਵਰੁਣ ਬਾਂਸਲ, ਆਰ.ਟੀ.ਆਈ. ਕੌਂਸਲਰ ਹਾਜ਼ਰ ਹੋਇਆ ਸੀ, ਉਸ ਵਲੋਂ ਦੱਸਿਆ ਗਿਆ ਸੀ ਕਿ ਉਸ ਨੂੰ ਉੱਤਰਦਾਤਾ ਕੋਲੋਂ ਸੂਚਨਾ ਤਾਂ ਪ੍ਰਾਪਤ ਹੋਈ ਹੈ ਪਰੰਤੂ ਨੁਕਤਾ ਨੰ:1 ਬਾਰੇ ਸੂਚਨਾ ਨਹੀਂ ਦਿੱਤੀ ਗਈ।ਇਸ ਲਈ ਉਸ ਨੇ ਮੁਕੰਮਲ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਸੀ। ਉੱਤਰਦਾਤਾ ਵੱਲੋਂ ਪਿਛਲੀ ਪੇਸ਼ੀ ਤੇ ਕੋਈ ਵੀ ਹਾਜ਼ਰ ਨਹੀਂ ਸੀ ਹੋਇਆ ਅਤੇ ਨਾ ਹੀ ਉਨ੍ਹਾਂ ਵੱਲੋਂ ਪੇਸ਼ੀ ਤੇ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਸੀ।ਪਰ ਸ਼੍ਰੀ ਸਰਵਜੀਤ ਸਿੰਘ, ਕਲਰਕ ਮਾਰਫ਼ਤ ਸ਼੍ਰੀਮਤੀ ਨਿਹਾਰਕਾ ਗੁਪਤਾ, ਐਡਵੋਕੇਟ, ਅਦਾਲਤ ਦੀ ਕਾਰਵਾਈ ਖਤਮ ਹੋਣ ਉਪਰੰਤ ਹਾਜ਼ਰ ਹੋਇਆ ਜਿਸ ਨੂੰ ਅਦਾਲਤ ਦੀ ਕਾਰਵਾਈ ਤੋਂ ਜਾਣੂ ਕਰਵਾ ਦਿੱਤਾ ਗਿਆ ਸੀ। ਅਪੀਲਕਰਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਜੇਕਰ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਸਿੱਧੇ ਤੌਰ ਤੇ ਲੋਕ ਸੂਚਨਾ ਅਧਿਕਾਰੀ ਨੂੰ ਸੂਚਿਤ ਕੀਤਾ ਜਾਵੇ ਤਾਂ ਜ਼ੋ ਉਨ੍ਹਾਂ ਦੀ ਪੂਰਤੀ ਕੀਤੀ ਜਾ ਸਕੇ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਵੱਲੋਂ ਸੂਚਨਾ ਵਿੱਚ ਦੱਸੀਆਂ ਗਈਆਂ ਤਰੁੱਟੀਆਂ ਨੂੰ ਦੂਰ ਕਰਨ ਉਪਰੰਤ ਆਰ.ਟੀ.ਆਈ. ਐਕਟ, 2005, ਤਹਿਤ ਬਣਦੀ ਸੂਚਨਾ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਮੁਹੱਈਆ ਕਰਵਾ ਕੇ ਪੇਸ਼ੀ ਤੇ ਹਾਜ਼ਰੀ ਯਕੀਨੀ ਬਣਾਈ ਜਾਵੇ।

2. ਅਪੀਲਕਰਤਾ ਅੱਜ ਪੇਸ਼ੀ ਤੇ ਹਾਜ਼ਰ ਨਹੀਂ ਹੋਈ, ਪਰ ਉਸ ਵਲੋਂ ਈ.ਮੇਲ ਰਾਹੀਂ ਦਸਿਆ ਗਿਆ ਹੈ ਉਹ ਰੁਝੇਵਿਆਂ ਕਾਰਨ ਅੱਜ ਪੇਸ਼ੀ ਤੇ ਹਾਜ਼ਰ ਨਹੀਂ ਹੋ ਸਕਦੀ। ਇਸ ਲਈ ਉਤਰਦਾਤਾ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਨੁਕਤਾ ਨੰ: 1 ਨਾਲ ਸਬੰਧਤ ਸੂਚਨਾ ਮੁਹੱਈਆ ਕਰਵਾਏ।

3. ਉਤਰਦਾਤਾ (ਲੋਕ ਸੂਚਨਾ ਅਧਿਕਾਰੀ ) ਵਲੋਂ ਹਾਜ਼ਰ ਮੈਡਮ ਸੰਗੀਤਾ, ਵਕੀਲ ਨੇ ਲੋਕ ਸੂਚਨਾ ਅਧਿਕਾਰੀ ਵਲੋ ਦਿੱਤੇ ਗਏ ਉੱਤਰ ਪੱਤਰ ਮਿਤੀ 04-10-2019 ਦੀ ਕਾਪੀ ਪੇਸ਼ ਕੀਤੀ ਜ਼ੋ ਕਿ ਅਪੀਲਕਰਤਾ ਨੂੰ ਸੰਬੋਧਤ ਹੈ । ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

4. ਇਸ ਤੋਂ ਪਹਿਲਾਂ ਕਿ ਉਤਰਦਾਤਾ (ਲੋਕ ਸੂਚਨਾ ਅਧਿਕਾਰੀ ) ਵਲੋਂ ਦਿੱਤੇ ਗਏ ਉਤਰ ਤੇ ਕੋਈ ਫੈਸਲਾ ਲਿਆ ਜਾਵੇ ਦੋਨਾਂ ਧਿੱਰਾਂ ਆਹਮਣੇ ਸਾਹਮਣੇ ਹੋ ਕੇ ਆਪਣਾ ਪੱਖ ਪੇਸ਼ ਕਰਨ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਗਲੀ ਮਿਤੀ ਤੇ ਪੇਸ਼ ਹੋਣਾ ਯਕੀਨੀ ਬਣਾਇਆ ਜਾਵੇ। ਇਸ ਕੇਸ ਵਿਚ **ਅਗਲੀ ਸੁਣਵਾਈ ਦੀ ਮਿਤੀ 24-10-2019 ਨਿਸਚਿਤ ਕੀਤੀ ਜਾਂਦੀ ਹੈ।**

(ਨਿਧੱੜਕ ਸਿੰਘ ਬਰਾੜ)
**ਮਿਤੀ:** **ਚੰਡੀਗੜ੍ਹ,** 09 **ਅਕਤੂਬਰ** , 2019. ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਤੇਜਿੰਦਰ ਸਿੰਘ, (99410-04313)
ਵਾਸੀ ਭੋਲਾਪੁਰ, ਡਾਕਖਾਨਾ ਰਾਮਗੜ੍ਹ,
ਚੰਡੀਗੜ੍ਹ ਰੋਡ, ਲੁਧਿਆਣਾ-141123. ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਬਲਾਕ ਵਿਕਾਸ ਤੇ ਪੰਚਾਇਤ ਅਫਸਰ,
ਗੁਰੂਸਰ ਸੁਧਾਰ, ਜ਼ਿਲ੍ਹਾ ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ-ਕਮ-
ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ,
ਲੁਧਿਆਣਾ। ------ਉੱਤਰਦਾਤਾ

**ਅਪੀਲ ਕੇਸ ਨੰ:1819/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ ਵੱਲੋਂ ਕੋਈ ਵੀ ਨਹੀਂ।

**ਹਕਮ:**

ਪਿਛਲੀ ਪੇਸ਼ੀ, ਮਿਤੀ 19 ਅਗਸਤ, 2019 ਤੇ ਪੇਸ਼ੀ ਤੇ ਹਾਜ਼ਰ ਅਪੀਲਕਰਤਾ ਨੇ ਕਿਹਾ ਸੀ ਕਿ ਉਸ ਨੂੰ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਸ ਨੇ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਸੀ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀਮਤੀ ਪ੍ਰਭਜੋਤ ਕੌਰ, ਸਹਾਇਕ ਪ੍ਰੋਗਰਾਮ ਅਫਸਰ ਨੇ ਨੂੰ ਅਪੀਲਕਰਤਾ ਦੇ ਪੇਸ਼ੀ ਭੁਗਤ ਕੇ ਜਾਣ ਤੋਂ ਬਾਅਦ ਹਾਜ਼ਰ ਹੋ ਕੇ ਦੱਸਿਆ ਸੀ ਕਿ ਉਸ ਦੀ ਇਸ ਸੀਟ ਤੇ ਹੁਣੇ ਤੈਨਾਤੀ ਹੋਈ ਸੀ ਅਤੇ ਅਪੀਲਕਰਤਾ ਨੂੰ ਸੂਚਨਾ ਜਲਦੀ ਮੁਹੱਈਆ ਕਰਾਉਣ ਦਾ ਭਰੋਸਾ ਦਿੱਤਾ ਸੀ। ਪਰ ਉਤਰਦਾਤਾ ((ਲੋਕ ਸੂਚਨਾ ਅਧਿਕਾਰੀ) ਵੱਲੋਂ ਮਿਤੀ 11-09-2019 ਨੂੰ ਹਾਜ਼ਰ ਨਹੀਂ ਸੀ ਹੋਇਆ । ਇਸ ਲਈ ਇਹ ਕੇਸ ਅਗਲੀ ਸੁਣਵਾਈ ਮਿਤੀ 09-10-2019 ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਮਿਤੀ 9-10-2019 ਨੂੰ ਅਪੀਲਕਰਤਾ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਨਾ ਹਾਜ਼ਰ ਹੋਣ ਸਬੰਧੀ ਕੋਈ ਈ.ਮੇਲ ਜਾਂ ਸੂਚਨਾ ਪ੍ਰਾਪਤ ਹੋਈ ਹੈ।

3. ਉਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਵੀ ਕੋਈ ਪੇਸ਼ ਨਹੀਂ ਹੋਇਆ।ਜਦੋ ਕਿ ਪਿਛਲੀ ਮਿਤੀ 11-09-2019 ਨੂੰ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਵਿਸ਼ੇਸ਼ ਚਿਤਾਵਨੀ ਦਿੰਦੇ ਹੋਏ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਦੀ ਆਰ.ਟੀ.ਆਈ. ਆਰਜ਼ੀ ਮੁਤਾਬਿਕ ਆਰ.ਟੀ.ਆਈ. ਐਕਟ, 2005 ਤਹਿਤ ਬਣਦੀ ਸੂਚਨਾ 10 ਦਿਨਾਂ ਦੇ ਅੰਦਰ-ਅੰਦਰ ਅਪੀਲਕਰਤਾ ਨੂੰ ਮੁਹੱਈਆ ਕਰਵਾ ਕੇ ਅਗਲੀ ਪੇਸ਼ੀ ਤੇ ਹਾਜ਼ਰ ਹੋ ਕੇ ਅੱਜ ਪੇਸ਼ੀ ਤੇ ਹਾਜ਼ਰ ਨਾ ਹੋਣ ਬਾਰੇ ਸਪੱਸ਼ਟੀਕਰਣ ਵੀ ਪੇਸ਼ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ। ਇਸ ਹਦਾਇਤ ਦੇ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 09-10-2019 ਲਈ ਨਿਸਚਿਤ ਕੀਤਾ ਗਿਆ ਸੀ।

4. ਉਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਅੱਜ ਵੀ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਇਸ ਲਈ ਉੱਤਰਦਾਤਾ ਨੂੰ ਅੱਜ ਪੇਸ਼ੀ ਤੇ ਹਾਜ਼ਰ ਹੋਣਾ ਚਾਹੀਦਾ ਸੀ। ਇਸ ਲਈ ਉੱਤਰਦਾਤਾ ਨੂੰ ਆਖਰੀ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਬਣਦੀ ਸੂਚਨਾ ਅਪੀਲਕਰਤਾ ਨੂੰ ਮੁਹੱਈਆ ਕਰਵਾ ਕੇ ਅਗਲੀ ਪੇਸ਼ੀ ਤੇ ਹਾਜ਼ਰ ਹੋ ਕੇ ਅੱਜ ਪੇਸ਼ੀ ਤੇ ਹਾਜ਼ਰ ਨਾ ਹੋਣ ਬਾਰੇ ਸਪੱਸ਼ਟੀਕਰਣ ਵੀ ਪੇਸ਼ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ। ਇਸ ਕੇਸ ਅਗਲੀ ਸੁਣਵਾਈ ਮਿਤੀ 24-10-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 09 ਅਕਤੂਬਰ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਡਾਕਟਰ ਖੁਸ਼ਦੀਪ ਗੋਇਲ, (79736-42151)
ਮਕਾਨ ਨੰ:2061,
ਅਰਬਨ ਐਸਟੇਟ ਫੇਸ-2, ਪਟਿਆਲਾ। -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਡਾਇਰੈਕਟਰ, ਸਿੱਖਿਆ (ਕਾਲਿਜਾਂ) ਪੰਜਾਬ,
ਵਿੱਦਿਆ ਭਵਨ, ਫੇਸ-8, ਮੁਹਾਲੀ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਡਾਇਰੈਕਟਰ, ਸਿੱਖਿਆ (ਕਾਲਿਜਾਂ) ਪੰਜਾਬ,
ਵਿੱਦਿਆ ਭਵਨ, ਫੇਸ-8, ਮੁਹਾਲੀ। ------ਉੱਤਰਦਾਤਾ

**ਅਪੀਲ ਕੇਸ ਨੰ: 2035/2019**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ( ਲੋਕ ਸੂਚਨਾ ਅਧਿਕਾਰੀ)ਵੱਲੋ ਸ੍ਰੀਮਤੀ ਮਨੀਸ਼ਾ,(93064-49429) ਸੀਨੀਅਰ ਸਹਾਇਕ ਦਫਤਰ ਡਾਇਰੈਕਟਰ, ਸਿੱਖਿਆ (ਕਾਲਿਜਾਂ) ਪੰਜਾਬ ।

**ਹਕਮ:**

ਪਿਛਲੀ ਪੇਸ਼ੀ, ਮਿਤੀ 20-08-2019 ਤੇ ਅਪੀਲਕਰਤਾ ਹਾਜ਼ਰ ਨਹੀਂ ਹੋਇਆ ਸੀ ਪਰੰਤੂ ਉਸ ਵੱਲੋਂ ਹਾਜ਼ਰ ਨਾ ਹੋਣ ਬਾਰੇ ਈ.ਮੇਲ, ਮਿਤੀ 19-08-2019 ਰਾਹੀਂ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਇਹ ਵੀ ਦੱਸਿਆ ਗਿਆ ਸੀ ਕਿ ਉਸ ਨੂੰ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ। ਇਸ ਲਈ ਉਸ ਨੇ ਸੂਚਨਾ ਮੁਹੱਈਆ ਕਰਾਉਣ ਅਤੇ ਪੇਸ਼ੀ ਲਈ ਅਗਲੀ ਮਿਤੀ ਦੀ ਮੰਗ ਕੀਤੀ ਸੀ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ੍ਰੀਮਤੀ ਮੀਨਾਕਸ਼ੀ, ਸੀਨੀਅਰ ਸਹਾਇਕ ਨੇ ਪੱਤਰ ਨੰ:58 ਸੇ(ਆਰ)-20/8-2019 ਸੇਵਾਵਾਂ(6)/2744, ਮਿਤੀ 19-08-2019 ਪੇਸ਼ ਕਰਦੇ ਹੋਏ ਕਿਹਾ ਸੀ ਕਿ ਉਨ੍ਹਾਂ ਵੱਲੋ ਆਪਣੇ ਪੱਤਰ ਨੰ:29 ਸੇ(ਆਰ)-20/8-2019 ਸੇਵਾਵਾਂ(6)/2456, ਮਿਤੀ 02-07-2019 ਰਾਹੀਂ ਅਪੀਲਕਰਤਾ ਨੂੰ ਜਵਾਬ ਭੇਜਿਆ ਜਾ ਚੁੱਕਾ ਹੈ ਕਿ ਉਸ ਵੱਲੋਂ ਮੰਗੀ ਗਈ ਸੂਚਨਾ ਤੀਜੀ ਧਿਰ ਨਾਲ ਹੋਣ ਕਾਰਨ ਮਹੱਈਆ ਨਹੀਂ ਕਰਵਾਈ ਜਾ ਸਕਦੀ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਸੀ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਅਪੀਲਕਰਤਾ ਦੀ ਆਰ.ਟੀ.ਆਈ. ਅਰਜ਼ੀ, ਮਿਤੀ 01-04-2919 ਦਾ ਜਵਾਬ ਮਿਤੀ 02-07-2019 ਨੂੰ ਭੇਜਿਆ ਗਿਆ ਸੀ ਜਦੋਂ ਕਿ ਆਰ.ਟੀ.ਆਈ. ਐਕਟ, 2005 ਦੇ ਉਪਬੰਧਾਂ ਅਨੁਸਾਰ ਅਪੀਲਕਰਤਾ ਨੂੰ 30 ਦਿਨਾਂ ਦੇ ਅੰਦਰ-ਅੰਦਰ ਜਵਾਬ ਭੇਜਣਾ ਬਣਦਾ ਸੀ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਗਈ ਸੀ ਕਿ ਪੇਸ਼ੀ ਦੀ ਅਗਲੀ ਮਿਤੀ ਤੇ ਨਿੱਜੀ ਪੱਧਰ ਤੇ ਹਾਜ਼ਰ ਹੋ ਕੇ ਅਪੀਲਕਰਤਾ ਨੂੰ ਜਵਾਬ ਲੇਟ ਭੇਜਣ ਬਾਰੇ ਸਥਿਤੀ ਸਪੱਸ਼ਟ ਕੀਤੀ ਜਾਵੇ। ਅਪੀਲਕਰਤਾ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਗਿਆ ਸੀ। ਇਸ ਲਈ ਇਹ ਕੇਸ ਅਗਲੀ ਸੁਣਵਾਈ ਮਿਤੀ 09-10-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਫਿਰ ਅਪੀਲਕਰਤਾ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਹਾਜ਼ਰ ਨਾ ਹੋਣ ਬਾਰੇ ਈ.ਮੇਲ, ਮਿਤੀ 09-10-2019 ਰਾਹੀਂ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਇਹ ਵੀ ਦੱਸਿਆ ਗਿਆ ਸੀ ਕਿ ਉਸ ਨੂੰ ਸਹੀ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ। ਇਸ ਲਈ ਉਸ ਨੇ ਸੂਚਨਾ ਮੁਹੱਈਆ ਕਰਾਉਣ ਅਤੇ ਕੇਸ ਦਾ ਮੈਰਿਟ ਦੇ ਅਧਾਰ ਤੇ ਫੈਸਲਾ ਕਰਨ ਲਈ ਬੇਨਤੀ ਕੀਤੀ ਹੈ।

3. ਉੱਤਰਦਾਤਾ ( ਲੋਕ ਸੂਚਨਾ ਅਧਿਕਾਰੀ) ਵੱਲੋ ਹਾਜ਼ਰ ਸ੍ਰੀਮਤੀ ਮਨੀਸ਼ਾ, ਸੀਨੀਅਰ ਸਹਾਇਕ ਵਲੋਂ ਪੱਤਰ ਮਿਤੀ 4-10-2019 ਪੇਸ਼ ਕੀਤਾ ਗਿਆ ਜੋ ਕਿ ਅਪੀਲਕਰਤਾ ਨੂੰ ਸੰਬੋਧਤ ਹੈ ਰਾਹੀਂ ਨੁਕਤਾਵਾਰ ਜਵਾਬ ਦਿੰਦੇ ਹੋਏ ਉਤਾਰਾ ਕਮਿਸ਼ਨ ਨੂੰ ਕੀਤਾ ਗਿਆ ਹੈ। ਮਿਸਲ ਤੇ ਰੱਖ ਲਿਆ ਗਿਆ ਹੈ।

4. ਪਿਛਲੀ ਮਿਤੀ 20 ਅਗਸਤ, 2019 ਅਤੇ ਮਿਤੀ 10 ਸਤੰਬਰ, 2019 ਨੂੰ ਜ਼ਾਰੀ ਕੀਤੇ ਗਏ ਹੁਕੱਮਾਂ ਵਿਚ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਗਈ ਸੀ ਕਿ ਪੇਸ਼ੀ ਦੀ ਅਗਲੀ ਮਿਤੀ ਤੇ ਨਿੱਜੀ ਪੱਧਰ ਤੇ ਹਾਜ਼ਰ ਹੋ ਕੇ ਅਪੀਲਕਰਤਾ ਨੂੰ ਜਵਾਬ ਲੇਟ ਭੇਜਣ ਬਾਰੇ ਸਥਿਤੀ ਸਪੱਸ਼ਟ ਕੀਤੀ ਜਾਵੇ। ਪਰ ਉੱਤਰਦਾਤਾ ( ਲੋਕ ਸੂਚਨਾ ਅਧਿਕਾਰੀ)

ਪਰਤੋ ਜੀ ----ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



<u>**ਅਪੀਲ ਕੇਸ ਨੰ:** 2035/2019</u>

ਸ੍ਰੀ ਗੁਰਦਰਸ਼ਨ ਸਿੰਘ ਬਰਾੜ, ਪਿਛਲੀ ਮਿਤੀ 10-09-2019 ਨੂੰ ਕਮਿਸ਼ਨ ਸਾਹਮਣੇ ਪੇਸ਼ ਨਹੀਂ ਹੋਇਆ ਅਤੇ ਨਾਂ ਹੀ ਅੱਜ ਪੇਸ਼ੀ ਤੇ ਹਾਜ਼ਰ ਹੋਇਆ ਜਦੋਂ ਕਿ ਜ਼ਾਰੀ ਕੀਤੇ ਹੁਕੱਮਾਂ ਵਿਚ ਸਪਸਟ ਕੀਤਾ ਗਿਆ ਸੀ ਕਿ ਨੂੰ ਅਗਲੀ ਮਿਤੀ ਤੇ ਨਿੱਜੀ ਪੱਧਰ ਤੇ ਹਾਜ਼ਰ ਹੋ ਕੇ ਅਪੀਲਕਰਤਾ ਨੂੰ ਜਵਾਬ ਲੇਟ ਭੇਜਣ ਬਾਰੇ ਸਥਿਤੀ ਸਪਸ਼ਟ ਕੀਤੀ ਜਾਵੇ।

5. ਕਮਿਸਨ ਵਲੋਂ ਪਹਿਲਾਂ ਜ਼ਾਰੀ ਹੁਕੱਮਾਂ ਦੀ ਲਗਾਤਾਰਤਾ ਵਿਚ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਉੱਤਰਦਾਤਾ ( ਲੋਕ ਸੂਚਨਾ ਅਧਿਕਾਰੀ) ਸ੍ਰੀ ਗੁਰਦਰਸ਼ਨ ਸਿੰਘ ਬਰਾੜ, ਨਿੱਜੀ ਤੌਰ ਤੇ ਅਗਲੀ ਪੇਸ਼ੀ ਦੀ ਮਿਤੀ ਨੂੰ ਹਾਜ਼ਰ ਹੋ ਕੇ ਲਿਖਤੀ ਰੂਪ ਵਿਚ ਆਪਣਾ ਸ਼ਪੱਸ਼ਟੀਕਰਣ ਪੇਸ਼ ਕਰੇ । ਇਸ ਹਦਾਇਤ ਨਾਲ ਇਹ ਕੇਸ <u>**ਅਗਲੀ ਸੁਣਵਾਈ ਮਿਤੀ 24-10-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ**</u> ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਰਾਜ ਸੂਚਨਾ ਕਮਿਸ਼ਨਰ, ਪੰਜਾਬ।

ਮਿਤੀ: ਚੰਡੀਗੜ੍ਹ, 09 ਅਕਤੂਬਰ , 2019.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਤੇਜਿੰਦਰ ਸਿੰਘ, (90410-04313)
ਪਿੰਡ ਭੋਲਾਪੁਰ ਡਾਕਖਾਨਾ ਰਾਮਗੜ੍ਹ,
ਚੰਡੀਗੜ ਰੋਡ, ਲੁਧਿਆਣਾ। ------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ ,
ਦਫ਼ਤਰ ਸਿਹਤ ਮੰਤਰੀ, ਪੰਜਾਬ,
ਚੰਡੀਗੜ੍ਹ।

ਲੋਕ ਸੂਚਨਾ ਅਧਿਕਾਰੀ (ਨਾਂ ਤੇ),
ਦਫਤਰ ਸਿਹਤ ਮੰਤਰੀ, ਪੰਜਾਬ, ਚੰਡੀਗੜ੍ਹ। -----ਉੱਤਰਦਾਤਾ

**ਸ਼ਿਕਾਇਤ ਕੇਸ ਨੰ:04/2019**

**ਹਾਜ਼ਰ:-**

1) ਸ਼ਿਕਾਇਤਕਰਤਾ ਵਲੋਂ ਕੋਈ ਨਹੀਂ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ), ਵੱਲੋਂ ਸ੍ਰੀਮਤੀ ਜ਼ਸਵੀਰ ਕੌਰ, ।

**ਹੁੱਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 29-09-2018, ਲੋਕ ਸੂਚਨਾ ਅਧਿਕਾਰੀ ਦਫਤਰ ਸਿਹਤ ਮੰਤਰੀ, ਪੰਜਾਬ, ਚੰਡੀਗੜ੍ਹ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਸੇਠੀ ਆਈਸ ਕਰੀਮ, 930, ਐਮ.ਆਈ.ਜੀ., ਜਮਾਲਪੁਰ ਕਲੋਨੀ, ਲੁਧਿਆਣਾ ਵਿਰੁੱਧ ਕੀਤੀ ਗਈ ਸ਼ਿਕਾਇਤ, ਮਿਤੀ 08-09-2018 ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 17-12-2018 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 15-01-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 25-02-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਪੇਸ਼ੀ, ਮਿਤੀ 07-08-2019 ਤੇ ਸ਼ਿਕਾਇਤਕਰਤਾ ਨੇ ਕਿਹਾ ਸੀ ਕਿ ਉਸ ਨੂੰ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ ਵੱਲੋਂ ਪਿਛਲੀ ਮਿਤੀ 07-08-2019, ਅਤੇ ਮਿਤੀ 03-09-2019 ਨੂੰ ਕੋਈ ਵੀ ਹਾਜ਼ਰ ਨਹੀਂ ਹੋਇਆ ਸੀ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਸੀ। ਇਸ ਲਈ ਲੋਕ ਸੂਚਨਾ ਅਧਿਕਾਰੀ ਦਫ਼ਤਰ ਸਿਹਤ ਮੰਤਰੀ, ਪੰਜਾਬ, ਚੰਡੀਗੜ ਨੂੰ ਆਖਰੀ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਗਈ ਸੀ ਕਿ ਸ਼ਿਕਾਇਤਕਰਤਾ ਵੱਲੋਂ ਮੰਗੀ ਗਈ ਆਰ.ਟੀ.ਆਈ. ਐਕਟ, 2005, ਤਹਿਤ ਬਣਦੀ ਸੂਚਨਾ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਮੁਹੱਈਆ ਕਰਵਾ ਕੇ ਪੇਸ਼ੀ ਦੀ ਅਗਲੀ ਮਿਤੀ ਤੇ ਨਿੱਜੀ ਤੌਰ ਤੇ ਹਾਜ਼ਰ ਹੋ ਕੇ ਲਗਾਤਾਰ ਪੇਸ਼ੀ ਤੇ ਹਾਜ਼ਰ ਨਾ ਹੋਣ ਬਾਰੇ ਸਪੱਸ਼ਟੀਕਰਣ ਵੀ ਪੇਸ਼ ਕੀਤਾ ਜਾਵੇ।

3. ਅੱਜ ਸ਼ਿਕਾਇਤਕਰਤਾ ਹਾਜ਼ਰ ਨਹੀਂ ਹੋਇਆ ਪਰ ਉਸ ਵਲੋਂ ਈ.ਮੇਲ ਮਿਤੀ 09-10-2019 ਰਾਹੀਂ ਸੂਚਿਤ ਕੀਤਾ ਗਿਆ ਕਿ ਇਸ ਕੇਸ ਵਿਚ ਉਸਨੂੰ ਕੋਈ ਸੂਚਨਾ ਨਹੀਂ ਦਿੱਤੀ ਗਈ ਜੇਕਰ ਸੂਚਨਾ ਅਧਿਕਾਰੀ ਮਾਨਯੋਗ ਅਦਾਲਤ ਨੂੰ ਸੂਚਨਾ ਦਿੰਦੇ ਹਨ ਤਾਂ ਬੇਸ਼ੱਕ ਕੇਸ ਬੰਦ ਕਰ ਦਿੱਤਾ ਜਾਵੇ ਉਸਨੂੰ ਕੋਈ ਇਤਰਾਜ ਨਹੀਂ ਹੋਵੇਗਾ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ), ਸ੍ਰੀਮਤੀ ਜ਼ਸਵੀਰ ਕੌਰ, ਦਫਤਰ ਐਫ.ਡੀ.ਏ. ਖਰੜ ਵਲੋਂ ਨਿੱਜੀ ਪੱਧਰ ਤੇ ਹਾਜ਼ਰ ਹੋ ਕੇ ਪੱਤਰ ਮਿਤੀ 09-10-2019 ਰਾਹੀਂ ਕਮਿਸ਼ਨ ਨੂੰ ਸੂਚਿਤ ਕੀਤਾ ਗਿਆ ਕਿ ਉਕਤ ਕੇਸ ਸ੍ਰੀ ਤੇਜਿੰਦਰ ਸਿੰਘ ਵਲੋਂ ਮਿਤੀ 29-09-2019 ਨੂੰ ਆਰ.ਟੀ.ਆਈ. ਪਾਈ ਗਈ ਸੀ, ਜਿਸਦੀ ਸੁਣਵਾਈ ਪਹਿਲਾਂ ਮਿਤੀ 25-02-2019 ਨੂੰ ਮਾਨਯੋਗ ਐਸ.ਐਸ.ਚੰਨੀ, ਮੁੱਖ ਸੂਚਨਾ ਅਫਸਰ ਜੀ ਦੀ ਕੋਰਟ ਵਿਚ ਹੋਈ ਸੀ। ਇਸ ਕੇਸ ਵਿਚ ਆਰ.ਟੀ.ਆਈ. ਦਾ ਜਵਾਬ ਉਨ੍ਹਾਂ ਦੇ ਦਫਤਰ ਦੇ ਪੱਤਰ ਮਿਤੀ 13-05-2019 (ਜੋ ਮਿਸਲ ਤੇ ਉਪਲਬਦ ਹੈ) ਨੂੰ ਦਿੰਦੇ ਹੋਏ ਸੂਚਨਾ ਮਾਨਯੋਗ ਕਮਿਸ਼ਨ ਜੀ ਨੂੰ ਭੇਜ ਦਿੱਤੀ ਗਈ ਸੀ। ਇਸ ਉਪਰੰਤ ਇਹ ਕੇਸ ਇਸ ਅਦਾਲਤ ਵਿਚ ਮਿਤੀ 15-07-2019 ਨੂੰ ਪਹਿਲੀ ਵਾਰ ਲੱਗਾ ਸੀ।

ਪਰਤੋ ਜੀ ----ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



ਪਰ ਇਸ ਅਦਾਲਤ ਵਲੋਂ ਪਹਿਲਾਂ ਜ਼ਾਰੀ ਕੀਤੇ ਨੋਟਿਸ ਉਨ੍ਹਾਂ ਦੇ ਦਫਤਰ ਪਾਸ ਪ੍ਰਾਪਤ ਨਹੀਂ ਹੋਏ। ਉਨ੍ਹਾਂ ਵਲੋਂ ਇਹ ਵੀ ਦੱਸਿਆ ਗਿਆ ਕਿ ਬਿਨੈਕਾਰ ਵੱਲੋਂ ਇਸ ਦੇ ਨਾਲ ਦਾ ਸੇਮ ਕੇਸ ਨੰ: 75 ਆਫ 2019 ਮਾਣਯੋਗ ਸੰਜੀਵ ਗਰਗ ਰਾਜ ਸੂਚਨਾ ਕਮਿਸ਼ਨ ਜੀ ਦੀ ਅਦਾਲਤ ਵਿਚ ਵੀ ਪਾਇਆ ਗਿਆ ਹੈ। ਜਿਸ ਦੇ ਸਬੰਧ ਵਿਚ ਅੱਜ ਮਿਤੀ 09-10-2019 ਨੂੰ ਦਫਤਰ ਦੇ ਡੀਲਿੰਗ ਸਹਾਇਕ ਵਲੋਂ ਮਾਨਯੋਗ ਕਮਿਸ਼ਨ ਸੰਜੀਵ ਗਰਗ ਜੀ ਦੀ ਅਦਾਲਤ ਵਿਚ ਹਾਜ਼ਰ ਹੋ ਕੇ ਪੇਸ਼ੀ ਅਟੈਂਡ ਕੀਤੀ ਗਈ। ਪੇਸ਼ੀ ਸਮੇਂ ਕਮਿਸ਼ਨ ਦੇ ਦਫਤਰ ਆ ਕੇ ਪਤਾ ਲੱਗਾ ਕਿ ਇਕ ਹੋਰ ਕੰਪਲੇਟ ਕੇਸ ਨੰ: 04 ਆਫ 2019 ਵੀ ਅੱਜ ਮਿਤੀ 09-10-2019 ਨੂੰ ਆਪ ਜੀ ਦੀ ਅਦਾਲਤ ਵਿਚ ਸੁਣਵਾਈ ਲਈ ਨਿਸਚਿਤ ਹੈ ਅਤੇ ਇਸ ਕੇਸ ਵਿਚ ਆਪ ਜੀ ਵਲੋਂ ਸ਼ੋਅ ਕਾਜ਼ ਨੋਟਿਸ ਜ਼ਾਰੀ ਕੀਤਾ ਗਿਆ ਹੈ। ਇਸ ਲਈ ਉੱਤਰਦਾਤਾ ਵਲੋਂ ਬੇਨਤੀ ਕੀਤੀ ਗਈ ਕਿ ਦਫਤਰ ਕਮਿਸ਼ਨਰ ਫੂਡ ਅਤੇ ਡਰੱਗਜ਼, ਪੰਜਾਬ, ਆਰ.ਟੀ.ਆਈ. ਐਕਟ ਅਧੀਨ ਮਾਨਯੋਗ ਕਮਿਸ਼ਨ ਦੇ ਹੁਕੱਮਾਂ ਨੂੰ ਮੰਨਣ ਦੇ ਪਾਬੰਦ ਹੈ ਅਤੇ ਇਹ ਦੋ ਇੱਕੋ ਜਿਹੇ ਕੇਸ ਦੋ ਵੱਖ ਵੱਖ ਅਦਾਲਤਾਂ ਵਿਚ ਲੱਗੇ ਹੋਣ ਕਾਰਨ ਕਮਿਸ਼ਨ ਸਾਹਮਣੇ ਇਸ ਅਦਾਲਤ ਵਿਚ ਪੇਸ਼ ਨਹੀਂ ਹੋ ਸਕੇ। ਇਸ ਲਈ ਬੇਨਤੀ ਕੀਤੀ ਕਿ ਸ਼ੋਅ ਕਾਜ਼ ਨੋਟਿਸ ਨੂੰ ਰੱਦ ਕਰਕੇ ਇਨ੍ਹਾਂ ਦੋਹਾਂ ਕੇਸਾਂ ਨੂੰ ਕਲੱਬ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ।

5. ਉਪਰੋਕਤ ਦਰਸਾਈ ਗਈ ਦਲੀਲ ਅਤੇ ਦਫ਼ਤਰੀ ਰਿਕਾਰਡ ਨੂੰ ਘੋਖਣ ਤੇ ਇਹ ਪਾਇਆ ਗਿਆ ਹੈ ਕਿ ਸ਼ਿਕਾਇਤਕਰਤਾ ਵੱਲੋਂ ਆਰ.ਟੀ.ਆਈ. ਐਕਟ 2005 ਅਧੀਨ ਇਕੋਂ ਮਿਤੀ 29-09-2018 ਨੂੰ 2 ਸ਼ਿਕਾਇਤਾਂ ਵੱਖ ਵੱਖ ਲੋਕ ਸੂਚਨਾ ਅਧਿਕਾਰੀਆਂ ਨੂੰ ਪੇਸ਼ ਕੀਤੀਆਂ ਗਈਆਂ ਸਨ। ਇਨ੍ਹਾਂ ਵਿਚੋਂ ਇਕ ਸ਼ਿਕਾਇਤ ਜੋ ਪਹਿਲਾਂ ਪ੍ਰਾਪਤ ਹੋਈ ਸੀ ਮਾਨਯੋਗ ਸੰਜੀਵ ਗਰਗ , ਰਾਜ ਸੂਚਨਾ ਕਮਿਸ਼ਨ ਜੀ ਦੀ ਅਦਾਲਤ ਵਿਚ ਕੇਸ ਨੰ: 75 ਆਫ 2019 ਚਲਦਾ ਹੈ ਅਤੇ ਦੂਜਾ ਕੇਸ ਜੋ ਮਿਤੀ 25-2-2019 ਨੂੰ ਪ੍ਰਾਪਤ ਹੋਇਆ ਪਹਿਲਾਂ ਮਾਨਯੋਗ ਐਸ.ਐਸ.ਚੰਨੀ ਮੁੱਖ ਸੂਚਨਾ ਅਫਸਰ ਜੀ ਦੀ ਕੋਰਟ ਵਿਚ ਅਤੇ ਹੁਣ ਟਰਾਂਸਫਰ ਹੋਂ ਕੇ ਇਸ ਅਦਾਲਤ ਵਿਚ ਚੱਲ ਰਿਹਾ ਹੈ। ਇਸ ਲਈ ਮਿਸਲ ਵਿਚ ਉਪਲਬਦ ਪੱਤਰ ਮਿਤੀ 13-05-2019 ਦੇ ਵਿਸ਼ੇ ਵਿਚ ਇਨ੍ਹਾਂ ਦੋ ਕੇਸਾਂ (ਕੇਸ ਨੰ:4 ਆਫ 2019 ਅਤੇ 75 ਆਫ 2019) ਦਾ ਜ਼ਿਕਰ ਹੈ ਜਿਸ ਨੂੰ ਘੋਖਣ ਅਤੇ ਵਿਚਾਰਨ ਉਪਰੰਤ ਸਾਹਮਣੇ ਆਈ ਸਥਿਤੀ ਨੂੰ ਮੁੱਖ ਰਖਦੇ ਹੋਏ ਉਤਰਦਾਤਾ ( ਲੋਕ ਸੂਚਨਾ ਅਫਸਰ ) ਨੂੰ ਜ਼ਾਰੀ ਨੋਟਿਸ ਦਾਖਲ ਦਫਤਰ ਕੀਤਾ ਜਾਂਦਾ ਹੈ। ਇਸ ਦੇ ਨਾਲ ਹੀ ਕਿਉਂਜੋ ਇਹ ਸ਼ਿਕਾਇਤ ਮਿਲਦੀ ਜੁਲਦੀ ਅਤੇ ਇਕੋ ਜਿਹੀ ਹੋਣ ਕਾਰਨ ਇਸ ਅਦਾਲਤ ਵਿਚ ਚਲਦਾ ਕੇਸ ਨੰ: 04 ਆਫ 2019, ਅਤੇ ਮਾਨਯੋਗ ਸੰਜੀਵ ਗਰਗ, ਰਾਜ ਸੂਚਨਾ ਕਮਿਸ਼ਨ ਜੀ ਦੀ ਅਦਾਲਤ ਜਿਥੇ ਕੇਸ ਨੰ: 75 ਆਫ 2019 ਚਲਦਾ ਹੈ । ਇਸ ਸਬੰਧ ਵਿਚ ਡਿਪਟੀ ਰਜਿਸਟਰਾਰ ਦਫਤਰ ਰਾਜ ਸੂਚਨਾ ਕਮਿਸ਼ਨ ਜੀ ਨੂੰ ਇਸ ਕੇਸ ਦੀ ਫਾਇਲ ਦੋਵੇ ਕੇਸ ਮਾਨਯੋਗ ਸੰਜੀਵ ਗਰਗ, ਰਾਜ ਸੂਚਨਾ ਕਮਿਸ਼ਨ ਜੀ ਦੀ ਅਦਾਲਤ ਵਿਚ ਕਲੱਬ ਕਰਨ ਲਈ ਭੇਜੀ ਜਾਂਦੀ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 09 ਅਕਤੂਬਰ, 2019.** ਰਾਜ ਸੂਚਨਾ ਕਮਿਸ਼ਨਰ, ਪੰਜਾਬ।

ਕਾਪੀ : ਮਾਨਯੋਗ ਸੰਜੀਵ ਗਰਗ, ਰਾਜ ਸੂਚਨਾ ਕਮਿਸ਼ਨ, ਪੰਜਾਬ।
ਡਿਪਟੀ ਰਜਿਸਟਰਾਰ, ਰਾਜ ਸੂਚਨਾ ਕਮਿਸ਼ਨ, ਪੰਜਾਬ।
ਦਫਤਰ ਕਮਿਸ਼ਨਰ ਫੂਡ ਅਤੇ ਡਰੱਗਜ਼, ਪੰਜਾਬ, ਖਰੜ

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਰਾਜਵਿੰਦਰ ਸਿੰਘ, (8847492722)
ਪੁੱਤਰ ਸ਼੍ਰੀ ਕਰਨੈਲ ਸਿੰਘ,
ਵਾਸੀ ਪਿੰਡ ਕਰਮ ਪੱਟੀ, ਤਹਿਸੀਲ ਮਲੋਟ,
ਜ਼ਿਲਾ ਸ਼੍ਰੀ ਮੁਕਤਸਰ ਸਾਹਿਬ। -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ,
ਸੈਕਟਰ-62, ਮੁਹਾਲੀ।

ਪਹਿਲੀ ਅਪੀਲੀ ਅਥਾਰਟੀ-ਕਮ-
ਸਕੱਤਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ,
ਚੰਡੀਗੜ੍ਹ। -------ਉੱਤਰਦਾਤਾ

**ਅਪੀਲ ਕੇਸ ਨੰ: 2043 /2019**

**ਹਾਜ਼ਰ:-**

1) ਅਪੀਲਕਰਤਾ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ), ਵੱਲੋਂ ਸ੍ਰੀਮਤੀ ਜਸਬੀਰ ਕੋਰ ਸੀਨੀਅਰ ਸਹਾਇਕ (89686-00664)।

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 04-12-2018, ਲੋਕ ਸੂਚਨਾ ਅਧਿਕਾਰੀ ਦਫਤਰ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਮੁਹਾਲੀ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਆਪਣੀ ਦਰਖਾਸਤ ਮਿਤੀ 16-08-2018 ਰਾਹੀਂ ਲੇਡੀ ਸਰਪੰਚ ਸ਼੍ਰੀਮਤੀ ਬਲਜੀਤ ਕੌਰ ਅਤੇ ਉਸ ਦੇ ਪਤੀ ਸ਼੍ਰੀ ਜਗਦੀਪ ਸਿੰਘ ਵਿਰੁੱਧ ਕੀਤੀ ਗਈ ਸ਼ਿਕਾਇਤ ਨਾਲ ਸਬੰਧਤ 09 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 23-01-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 06-06-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 25-07-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 21-08-2019 ਲਈ ਨਿਸਚਿਤ ਕੀਤਾ ਗਿਆ ਸੀ।

2. ਮਿਤੀ 21-08-2019 ਨੂੰ ਪੇਸ਼ੀ ਤੇ ਹਾਜ਼ਰ, ਅਪੀਲਕਰਤਾ ਨੇ ਕਿਹਾ ਸੀ ਕਿ ਉਸ ਨੂੰ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਇਹ ਕੇਸ ਅਗਲੀ ਸੁਣਵਾਈ ਮਿਤੀ 11-09-2019 ਲਈ ਨਿਸਚਿਤ ਕੀਤਾ ਗਿਆ ਸੀ। ਪਰ ਮਿਤੀ 11-09-2019 ਨੂੰ ਵੀ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਪੇਸ਼ੀ ਤੇ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ । ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਮੁੜ ਸਖਤ ਹਦਾਇਤ ਕੀਤੀ ਗਈ ਕਿ ਆਰ.ਟੀ.ਆਈ. ਐਕਟ 2005 ਤਹਿਤ ਬਣਦੀ ਸੂਚਨਾ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਅਪੀਲਕਰਤਾ ਨੂੰ ਮੁਹੱਈਆ ਕਰਵਾ ਕੇ ਅਗਲੀ ਪੇਸ਼ੀ ਤੇ ਨਿੱਜੀ ਤੌਰ ਤੇ ਹਾਜ਼ਰ ਹੋ ਕੇ ਪਿਛਲੀਆਂ ਪੇਸ਼ੀਆਂ ਤੇ ਹਾਜਰ਼ ਨਾ ਹੋਣ ਬਾਰੇ ਸਪੱਸ਼ਟੀਕਰਣ ਵੀ ਪੇਸ਼ ਕੀਤਾ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਵਿਰੁੱਧ ਆਰ.ਟੀ.ਆਈ. ਐਕਟ 2005 ਤਹਿਤ ਬਣਦੀ ਇਕਤਰਫਾ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ। ਇਸ ਹਦਾਇਤ ਦੇ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 09-10-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅੱਜ ਪੇਸ਼ੀ ਤੇ ਅਪੀਲਕਰਤਾ ਹਾਜ਼ਰ ਹੋਇਆ ਅਤੇ ਉਸ ਵਲੋਂ ਦਸਿਆ ਗਿਆ ਕਿ ਉਸਨੂੰ ਅਧੂਰੀ ਸੂਚਨਾ ਦਿੱਤੀ ਗਈ ਹੈ। ਇਸ ਲਈ ਉਸਨੂੰ ਮੁਕੰਮਲ ਸੂਚਨਾ ਮੁਹੱਈਆ ਕਰਵਾਈ ਜਾਵੇ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਅੱਜ ਪੇਸ਼ੀ ਤੇ ਹਾਜ਼ਰ ਜ਼ਸਬੀਰ ਕੌਰ, ਸੀਨੀਅਰ ਸਹਾਇਕ ਦਫਤਰ ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ ਵਲੋਂ ਆਪਣਾ ਪੱਤਰ ਮਿਤੀ 30-09-2019 ਸਹਿ ਪੱਤਰਾਂ ਸਹਿਤ ਪੇਸ਼ ਕੀਤਾ ਗਿਆ ਜੋ ਕਮਿਸ਼ਨ ਨੂੰ ਸੰਬੋਧਤ ਹੈ ਅਤੇ ਇਸਦਾ ਇਕ ਉਤਾਰਾ ਅਪੀਲਕਰਤਾ ਸ੍ਰੀ ਰਾਜਵਿੰਦਰ ਸਿੰਘ ਨੂੰ ਕੀਤਾ ਗਿਆ ਹੈ। ਇਹ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਪੱਤਰ ਰਾਹੀਂ ਉਨ੍ਹਾਂ ਵਲੋਂ ਦਸਿਆ ਗਿਆ ਕਿ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਮੁਕਤਸਰ ਸਾਹਿਬ ਵਲੋਂ ਪ੍ਰਾਪਤ ਸੂਚਨਾ ਮੁਤਾਬਿਕ ਗ੍ਰਾਮ ਪੰਚਾਇਤ ਨੂੰ ਪ੍ਰਾਪਤ ਗ੍ਰਾਂਟਾਂ

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਚਲਦਾ ਪੰਨਾ/2---ਪਰਤੋ ਜੀ



ਦੀ ਚੈਕਿੰਗ ਕਰਨ ਲਈ ਕਾਰਜਕਾਰੀ ਇੰਜੀਨੀਅਰ, ਪੰਚਾਇਤ ਰਾਜ, ਮੁਕਤਸਰ ਸਾਹਿਬ ਨੂੰ ਲਿਖਿਆ ਗਿਆ ਹੈ ਰਿਪੋਰਟ ਪ੍ਰਾਪਤ ਹੋਣ ਤੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਹ ਸੂਚਨਾ ਅਪੀਲਕਰਤਾ ਨੂੰ ਪਹਿਲਾਂ ਹੀ ਦਿੱਤੀ ਹੋਈ ਹੈ ਪਰ ਅਪੀਲਕਰਤਾ ਵਲੋਂ ਇਸ ਸੂਚਨਾ ਨਾਲ ਮਿਲਦੀ-ਜੁਲਦੀ ਅਪੀਲ ਦੂਜੀਆਂ ਅਦਾਲਤਾਂ/ਕਮਿਸ਼ਨਾਂ ਪਾਸ ਵੀ (ਅਪੀਲ ਕੇਸ ਨੰ:1720/2019 ਅਤੇ 2042/2019) ਦਾਇਰ ਕੀਤੀ ਗਈ ਸੀ ਜੋ ਦਾਖਲ ਦਫਤਰ ਕੀਤੀ ਜਾ ਚੁਕੀ ਹੈ। ਉਤਰਦਾਤਾ ਵਲੋਂ ਭਰੋਸਾ ਦਿੱਤਾ ਗਿਆ ਕਿ ਜਦੋਂ ਵੀ ਪੜਤਾਲ ਮੁਕੰਮਲ ਹੋਣ ਉਪਰੰਤ ਰਿਪੋਰਟ ਪ੍ਰਾਪਤ ਹੁੰਦੀ ਹੈ ਤਾਂ ਅਪੀਲਕਰਤਾ ਨੂੰ ਸੂਚਿਤ ਕਰ ਦਿੱਤਾ ਜਾਵੇਗਾ।

5. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਪੇਸ਼ੀ ਤੇ ਹਾਜ਼ਰ ਜ਼ਸਬੀਰ ਕੌਰ, ਸੀਨੀਅਰ ਸਹਾਇਕ ਦਫਤਰ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ ਵਲੋਂ ਪੇਸ਼ ਕੀਤੇ ਗਏ ਰਿਕਾਰਡ ਅਤੇ ਦਿੱਤੀਆਂ ਗਈਆਂ ਦਲੀਲਾਂ ਨਾਲ ਹਾਜ਼ਰ ਅਪੀਲਕਰਤਾ ਵਲੋਂ ਸਹਿਮਤੀ ਪ੍ਰਗਟਾਈ ਗਈ। ਇਸ ਤਰ੍ਹਾਂ ਸੁਪਸ਼ੱਟ ਹੈ ਕਿ ਉਤਰਦਾਤਾ ਵਲੋ ਅਪੀਲਕਰਤਾ ਨੂੰ ਸੂਚਨਾ ਉਪਲਬਧ ਕਰਵਾ ਦਿੱਤੀ ਗਈ ਹੈ ਅਤੇ ਅਪੀਲਕਰਤਾ ਵਲੋਂ ਸਹਿਮਤੀ ਪ੍ਰਗਟਾਈ ਗਈ। ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ ਕੇਸ ਦਾਖਲ ਦਫਤਰ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 09 ਅਕਤੂਬਰ, 2019.**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਭਾਰਤ ਭੂਸ਼ਨ ਸ਼ਰਮਾ, (98032-44555)
ਪੁੱਤਰ ਲੇਟ ਸ਼੍ਰੀ ਸੋਹਣ ਲਾਲ ਸ੍ਰਰਮਾ,
ਮਕਾਨ ਨੰ:435, ਸੈਕਟਰ -27,
ਪੰਚਕੂਲਾ-134116। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਸੀਨੀਅਰ ਕਪਤਾਨ, ਪੁਲਿਸ,
ਮੁਹਾਲੀ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਇੰਸਪੈਕਟਰ ਜਨਰਲ ਆਫ ਪੁਲਿਸ,
ਰੂਪਨਗਰ। --------ਉੱਤਰਦਾਤਾ

**ਅਪੀਲ ਕੇਸ ਨੰ:2066 /2019**

**ਹਾਜ਼ਰ:-**

1) ਸ਼੍ਰੀ ਭਾਰਤ ਭੂਸ਼ਨ ਸ਼ਰਮਾ, ਅਪੀਲਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਸੁਰਿੰਦਰ ਸਿੰਘ, ਹੈੱਡ ਕੰਸਟੇਬਲ,(88473-93399) ਥਾਣਾ ਸਿਟੀ, ਖਰੜ।

**ਹਕਮ:**

ਇਸ ਕੇਸ ਵਿਚ ਪਹਿਲੀ ਮਿਤੀ 21-08-2019 ਨੂੰ ਹਾਜ਼ਰ ਉਤਰਦਾਤਾ ਸ਼੍ਰੀ ਹਰਮਿੰਦਰ ਸਿੰਘ, ਏ.ਐਸ.ਆਈ ਨੂੰ ਸਹੀ ਅਤੇ ਵਿਸਥਾਰ ਪੂਰਵਕ ਜਵਾਬ ਦੇਣ ਸਬੰਧੀ ਸਮਝਾ ਦਿੱਤਾ ਗਿਆ ਸੀ। ਇਸ ਉਪਰੰਤ ਪਿਛਲੀ ਪੇਸ਼ੀ, ਮਿਤੀ 11-09-2019 ਤੇ ਹਾਜ਼ਰ ਉਤਰਦਾਤਾ ਸ਼੍ਰੀ ਸੁਰਜੀਤ ਸਿੰਘ, ਹੈੱਡ ਕੰਸਟੇਬਲ ਵਲੋਂ ਵੀ ਜਲਦੀ ਸੂਚਨਾ ਮੁਹੱਈਆ ਕਰਾਉਣ ਦਾ ਭਰੋਸਾ ਦਿੱਤਾ ਗਿਆ ਸੀ ਅਤੇ ਅਗਲੀ ਮਿਤੀ 09-10-2019 ਨਿਸਚਿਤ ਕੀਤੀ ਗਈ ਸੀ।

2. ਅੱਜ ਪੇਸ਼ੀ ਤੇ ਹਾਜ਼ਰ ਅਪੀਲਕਰਤਾ ਨੇ ਕਿਹਾ ਕਿ ਉਸ ਨੂੰ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਸ ਵਲੋਂ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਗਈ।

3. ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਸੁਰਿੰਦਰ ਸਿੰਘ, ਹੈਡ ਕੰਸਟੇਬਲ ਪੇਸ਼ ਹੋਇਆ। ਉਸ ਵਲੋਂ ਵੀ ਅੱਜ ਮੰਗੀ ਗਈ ਸੂਚਨਾ ਸਬੰਧੀ ਕੋਈ ਉਤਰ ਪੇਸ਼ ਨਹੀਂ ਕੀਤਾ ਗਿਆ । ਹਾਜ਼ਰ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਕਿ ਅਪੀਲਕਰਤਾ (ਜ਼ੋ ਕਿ ਅਦਾਲਤ ਵਿਚ ਹਾਜ਼ਰ ਸੀ) ਪਾਸੋਂ ਮੰਗੀ ਗਈ ਸੂਚਨਾ ਦੇ ਸਬੰਧ ਵਿਚ ਜਾਣਕਾਰੀ ਹਾਸਲ ਕੀਤੀ ਜਾਵੇ ਕਿ ਉਹ ਕੀ ਜਾਣਕਾਰੀ ਮੰਗਦਾ ਹੈ।ਹਾਜ਼ਰ ਉਤਰਦਾਤਾ ਨੇ ਬੇਨਤੀ ਕੀਤੀ ਕਿ ਜਵਾਬ ਦੇਣ ਲਈ ਇਕ ਹੋਰ ਮੌਕਾ ਦਿੱਤਾ ਜਾਵੇ। ਉਸ ਦੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਆਖਰੀ ਮੌਕਾ ਦਿੰਦੇ ਹੋਏ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਦੀ ਆਰ.ਟੀ.ਆਈ. ਅਰਜ਼ੀ ਤੇ ਸਮੇਂ-ਸਮੇਂ ਤੇ ਕੀਤੀ ਗਈ ਕਾਰਵਾਈ ਬਾਰੇ ਵਿਸਥਾਰ-ਪੂਰਵਕ ਮਿਤੀ-ਵਾਰ ਜਵਾਬ ਅਪੀਲਕਰਤਾ ਨੂੰ ਰਜਿਸਟਰਡ ਡਾਕ ਰਾਹੀ ਭੇਜਦੇ ਹੋਏ ਕਮਿਸ਼ਨ ਨੂੰ ਵੀ ਸੂਚਿਤ ਕੀਤਾ ਜਾਵੇ ਅਤੇ ਪੇਸ਼ੀ ਤੇ ਹਾਜ਼ਰੀ ਵੀ ਯਕੀਨੀ ਬਣਾਈ ਜਾਵੇ। ਇਹ ਕੇਸ **ਅਗਲੀ ਸੁਣਵਾਈ ਮਿਤੀ 15-10-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 09 ਅਕਤੂਬਰ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਗੁਰਮੀਤ ਸਿੰਘ,
ਮਕਾਨ ਨੰ:ਐਫ-20/337, ਨਹਿਰੂ ਕਲੋਨੀ,
ਡਾਕਖਾਨਾ ਵਿਜੈ ਨਗਰ, ਮਜੀਠਾ ਰੋਡ, ਅੰਮ੍ਰਿਤਸਰ। -------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ, ਦਫਤਰ
ਡਾਇਰੈਕਟਰ ਜਨਰਲ, ਪੁਲਿਸ,ਪੰਜਾਬ,
ਚੰਡੀਗੜ੍ਹ। ------- ਉੱਤਰਦਾਤਾ

**ਸ਼ਿਕਾਇਤ ਕੇਸ ਨੰ:582/2019**

**ਹਾਜ਼ਰ:-**

1) ਸ਼ਿਕਾਇਤਕਰਤਾ ਵੱਲੋਂ ਉਸ ਦੇ ਪਿਤਾ, ਸ਼੍ਰੀ ਗੁਰਦੀਪ ਸਿੰਘ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਇਕਬਾਲ ਸਿੰਘ, ਏ.ਐਸ.ਆਈ. (98145-21323) ਥਾਣਾ ਸਦਰ, ਅੰਮ੍ਰਿਤਸਰ ਅਤੇ ਸ਼੍ਰੀ ਸੁਰਿੰਦਰ ਸਿੰਘ, ਡੀਲਿੰਗ ਹੈਂਡ, ਦਫਤਰ ਡੀ.ਜੀ.ਪੀ., ਅੰਮ੍ਰਿਤਸਰ।

**ਹਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 08-03-2018, ਲੋਕ ਸੂਚਨਾ ਅਧਿਕਾਰੀ ਦਫਤਰ ਸਕੱਤਰ, ਗ੍ਰਹਿ ਵਿਭਾਗ, ਪੰਜਾਬ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਸ਼ਿਕਾਇਤ ਨੰ:1740, ਮਿਤੀ 27-06-2017 ਅਤੇ ਨੰ:62, ਮਿਤੀ 12-05-2017 ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਸ਼ਿਕਾਇਤਕਰਤਾ ਵੱਲੋਂ ਮੰਗੀ ਗਈ ਸੂਚਨਾ ਦਾ ਸਬੰਧ ਡਾਇਰੈਕਟਰ ਜਨਰਲ, ਪੁਲਿਸ,ਪੰਜਾਬ, ਚੰਡੀਗੜ੍ਹ ਨਾਲ ਹੋਣ ਕਾਰਨ ਲੋਕ ਸੂਚਨਾ ਅਧਿਕਾਰੀ ਦਫਤਰ ਸਕੱਤਰ, ਗ੍ਰਹਿ ਵਿਭਾਗ, ਪੰਜਾਬ ਵੱਲੋਂ ਆਪਣੇ ਪੱਤਰ ਨੰ:6/33/2018-3ਗ4/2504-2505, ਮਿਤੀ 18-05-2018 ਰਾਹੀਂ ਸ਼ਿਕਾਇਤਕਰਤਾ ਦੀ ਆਰ.ਟੀ.ਆਈ. ਅਰਜ਼ੀ ਲੋਕ ਸੂਚਨਾ ਅਧਿਕਾਰੀ ਦਫਤਰ ਡਾਇਰੈਕਟਰ ਜਨਰਲ, ਪੁਲਿਸ,ਪੰਜਾਬ, ਚੰਡੀਗੜ੍ਹ ਨੂੰ ਆਰ.ਟੀ.ਆਈ. ਐਕਟ, 2005 ਦੀ ਧਾਰਾ 6(3) ਤਹਿਤ ਤਬਦੀਲ ਕਰ ਦਿੱਤੀ ਗਈ ਸੀ। ਸਬੰਧਤ ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 25-06-2019 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 16-08-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 11-09-2019 ਲਈ ਨਿਸਚਿਤ ਕੀਤਾ ਗਿਆ ਸੀ। ਸ਼ਿਕਾਇਤਕਰਤਾ ਨੇ ਕਿਹਾ ਕਿ ਉਸ ਨੂੰ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਪੇਸ਼ੀ ਤੇ ਹਾਜ਼ਰ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਹਾਜ਼ਰ ਉੱਤਰਦਾਤਾ ਨੂੰ ਆਰ.ਟੀ.ਆਈ. ਦਾ ਜਵਾਬ ਦੇਣ ਬਾਰੇ ਸਮਝਾ ਦਿੱਤਾ ਗਿਆ ਹੈ।ਇਸ ਲਈ ਉੱਤਰਦਾਤਾ ਲੋਕ ਸੂਚਨਾ ਅਧਿਕਾਰੀ) ਦਫ਼ਤਰ ਡਿਪਟੀ ਕਮਿਸ਼ਨਰ, ਪੁਲਿਸ, ਅੰਮ੍ਰਿਤਸਰ ਨੂੰ ਹਦਾਇਤ ਕੀਤੀ ਗਈ ਸੀ ਕਿ ਸ਼ਿਕਾਇਤਕਰਤਾ ਦੀ ਆਰ.ਟੀ.ਆਈ. ਅਰਜ਼ੀ ਪ੍ਰਾਪਤ ਹੋਣ ਉਪਰੰਤ ਕੀਤੀ ਗਈ ਕਾਰਵਾਈ ਬਾਰੇ ਮਿਤੀ-ਵਾਰ, ਵਿਸਥਾਰ-ਪੂਰਵਕ ਸੂਚਨਾ ਰਜਿਸਟਰਡ ਡਾਕ ਰਾਹੀਂ ਸ਼ਿਕਾਇਤਕਰਤਾ ਨੂੰ ਭੇਜ ਕੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ ਅਤੇ ਪੇਸ਼ੀ ਤੇ ਹਾਜ਼ਰੀ ਯਕੀਨੀ ਬਣਾਈ ਜਾਵੇ। ਇਸ ਹਦਾਇਤ ਨਾਲ ਇਹ ਕੇਸ <u>ਅਗਲੀ ਸੁਣਵਾਈ ਮਿਤੀ 09-10-2019 ਲਈ ਨਿਸਚਿਤ</u> ਕੀਤਾ ਗਿਆ ਸੀ।

2. ਅੱਜ ਪੇਸ਼ੀ ਤੇ ਸ਼ਿਕਾਇਤਕਰਤਾ ਵੱਲੋਂ ਉਸ ਦੇ ਪਿਤਾ, ਸ਼੍ਰੀ ਗੁਰਦੀਪ ਸਿੰਘ ਹਾਜ਼ਰ ਹੋਇਆ। ਉਨ੍ਹਾਂ ਵਲੋਂ ਦਸਿਆ ਗਿਆ ਕਿ ਜ਼ੋ ਸੂਚਨਾ ਦਿੱਤੀ ਗਈ ਹੈ ਉਹ ਅਧੂਰੀ ਹੈ ਅਤੇ ਸਹੀ ਨਹੀਂ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਇਕਬਾਲ ਸਿੰਘ, ਏ.ਐਸ.ਆਈ. ਥਾਣਾ ਸਦਰ, ਅੰਮ੍ਰਿਤਸਰ ਅਤੇ ਸ਼੍ਰੀ ਸੁਰਿੰਦਰ ਸਿੰਘ, ਡੀਲਿੰਗ ਹੈਂਡ, ਦਫਤਰ ਡੀ.ਸੀ.ਪੀ., ਅੰਮ੍ਰਿਤਸਰ ਵਲੋਂ ਡਿਪਟੀ ਕਮਿਸ਼ਨਰ ਪੁਲਿਸ ਕਮ ਪਬਲਿਕ ਸੂਚਨਾ ਅਫਸਰ, ਅੰਮ੍ਰਿਤਸਰ **ਵਲੋਂ** ਜ਼ਾਰੀ ਪੱਤਰ ਮਿਤੀ 03-10-2019 ਸਹਿ ਪੱਤਰਾਂ ਸਹਿਤ ਪੇਸ਼ ਕੀਤਾ ਗਿਆ ਜਿਸ ਅਨੁਸਾਰ ਉਨ੍ਹਾਂ ਵਲੋਂ ਦਸਿਆ ਗਿਆ ਕਿ ਉਨ੍ਹਾਂ ਦੇ ਦਫਤਰ ਨਾਲ ਸਬੰਧਤ ਸੂਚਨਾ ਸ਼ਿਕਾਇਤਕਰਤਾ ਨੂੰ ਦੇ ਦਿੱਤੀ ਗਈ ਹੈ ਅਤੇ ਬਾਕੀ ਦੀ ਸੂਚਨਾ ਦਾ ਸਬੰਧ ਉਨ੍ਹਾਂ ਨਾਲ ਨਹੀ ਹੈ। ਇਸ ਸੂਚਨਾ ਦਾ ਸਬੰਧ ਮਾਣਯੋਗ ਜ਼ਸਟਿਸ ਸ਼੍ਰੀ ਮਹਿਤਾਬ ਸਿੰਘ ਗਿੱਲ ਇੰਨਕੁਆਰੀ ਕਮਿਸ਼ਨ ਜੀ ਦੇ ਦਫਤਰ ਨਾਲ ਹੈ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਪੇਸ਼ੀ ਸਮੇ ਪੇਸ਼ ਕੀਤੇ ਗਏ ਰਿਕਾਰਡ ਅਤੇ ਦਿੱਤੀਆਂ

ਚਲਦਾ ਪੰਨਾ/2----ਪਰਤੋ ਜੀ

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



ਸ਼ਿਕਾਇਤ ਕੇਸ ਨੰ:582/2019

ਗਈਆਂ ਦਲੀਲਾਂ ਨੂੰ ਘੋਖਣ ਤੇ ਪਾਇਆ ਗਿਆ ਕਿ ਉਤਰਦਾਤਾ ਦਫਤਰ ਨਾਲ ਸਬੰਧਤ ਸੂਚਨਾ ਸ਼ਿਕਾਇਤਕਰਤਾ ਨੂੰ ਉਕਤ ਅਨੁਸਾਰ ਮੁਹੱਈਆ ਕਰਵਾ ਦਿੱਤੀ ਗਈ ਹੈ, ਜਿਥੋਂ ਤੱਕ ਬਾਕੀ ਦੀ ਸੂਚਨਾ ਦਾ ਸਬੰਧ ਹੈ ਉਹ ਉਨ੍ਹਾਂ ਦੇ ਦਫਤਰ ਨਾਲ ਸਬੰਧਤ ਨਹੀਂ । ਇਸ ਲਈ ਇਸ ਕੇਸ ਵਿਚ ਸ਼ਿਕਾਇਤਕਰਤਾ ਨੂੰ ਬਣਦੀ ਸੂਚਨਾ ਮੁਹੱਈਆ ਕਰਵਾ ਦਿੱਤੀ ਗਈ ਹੈ, **ਇਹ ਕੇਸ ਦਾਖਲ ਦਫਤਰ ਕੀਤਾ ਜਾਂਦਾ ਹੈ।**

(ਨਿਧੱੜਕ ਸਿੰਘ ਬਰਾੜ)
ਮਿਤੀ: ਚੰਡੀਗੜ੍ਹ,09 ਅਕਤੂਬਰ, 2019. ਰਾਜ ਸੂਚਨਾ ਕਮਿਸ਼ਨਰ, ਪੰਜਾਬ।

ਕਾਪੀ:-

ਲੋਕ ਸੂਚਨਾ ਅਧਿਕਾਰੀ,
ਦਫਤਰ ਡਿਪਟੀ ਕਮਿਸ਼ਨਰ, ਪੁਲਿਸ, ਅੰਮ੍ਰਿਤਸਰ

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਤੇਜਿੰਦਰ ਸਿੰਘ, ਐਡਵੋਕੇਟ (99410-04313)
ਵਾਸੀ ਭੋਲਾਪੁਰ, ਡਾਕਖਾਨਾ ਰਾਮਗੜ੍ਹ,
ਚੰਡੀਗੜ੍ਹ ਰੋਡ, ਲੁਧਿਆਣਾ-141123. ------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਐਸ.ਐਚ.ਓ., ਪੁਲਿਸ ਥਾਣਾ (ਸਿਟੀ),
ਸੰਗਰੂਰ। ------ਉੱਤਰਦਾਤਾ

**ਸ਼ਿਕਾਇਤ <u>ਕੇਸ ਨੰ:574/2019</u>**

**ਹਾਜ਼ਰ:-**

1) ਸ਼ਿਕਾਇਤਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਵੀ ਨਹੀਂ।

**<u>ਹਕਮ:</u>**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 22-04-2019, ਲੋਕ ਸੂਚਨਾ ਅਧਿਕਾਰੀ ਦਫਤਰ ਐਸ.ਐਚ.ਓ., ਪੁਲਿਸ ਥਾਣਾ (ਸਿਟੀ), ਸੰਗਰੂਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਮਿਤੀ 19-12-2018 ਨੂੰ ਦਰਜ ਮੁਕੱਦਮਾ ਨੰ:307/2018 ਨਾਲ ਸਬੰਧਤ 02 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 25-06-2019 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 14-08-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 03-09-2019 ਨੂੰ ਲਈ ਨਿਸਚਿਤ ਕੀਤਾ ਗਿਆ ਸੀ।ਪੇਸ਼ੀ ਤੇ ਹਾਜ਼ਰ ਸ਼ਿਕਾਇਤਕਰਤਾ ਨੇ ਕਿਹਾ ਸੀ ਕਿ ਉਸ ਨੂੰ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਵੀ ਹਾਜ਼ਰ ਨਹੀਂ ਸੀ ਹੋਇਆ ਇਸ ਲਈ ਇਹ ਕੇਸ ਅਗਲੀ ਸੁਣਵਾਈ ਮਿਤੀ 09-10-2019 ਲਈ ਨਿਸਚਿਤ ਕੀਤਾ ਗਿਆ ਸੀ।

2 ਅੱਜ ਪੇਸ਼ੀ ਤੇ ਨਾ ਤਾਂ ਸ਼ਿਕਾਇਤਕਰਤਾ ਹਾਜ਼ਰ ਹੋਇਆ ਅਤੇ ਨਾ ਹੀ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਕੋਈ ਹਾਜ਼ਰ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਸਬੰਧੀ ਕੋਈ ਈ.ਮੇਲ ਜਾਂ ਸੂਚਨਾ ਹੀ ਪ੍ਰਾਪਤ ਹੋਈ। ਇਸ ਲਈ ਇਹ ਕੇਸ ਅਗਲੀ ਸੁਣਵਾਈ **<u>ਅਗਲੀ ਸੁਣਵਾਈ ਮਿਤੀ 24-10-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ</u>** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 09 ਅਕਤੂਬਰ, 2019.**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਤੇਜਿੰਦਰ ਸਿੰਘ, (99410-04313)
ਵਾਸੀ ਭੋਲਾਪੁਰ, ਡਾਕਖਾਨਾ ਰਾਮਗੜ੍ਹ,
ਚੰਡੀਗੜ੍ਹਰੋਡ, ਲੁਧਿਆਣਾ-141123. ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਉਪ ਮੰਡਲ ਮੈਜਿਸਟਰੇਟ-ਕਮ-
ਲਾਇਸੈਂਸਿੰਗ ਅਤੇ ਰਜਿਸਟਰੇਸ਼ਨ ਅਥਾਰਟੀ, ਮਾਨਸਾ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਉਪ ਮੰਡਲ ਮੈਜਿਸਟਰੇਟ-ਕਮ-
ਲਾਇਸੈਂਸਿੰਗ ਅਤੇ ਰਜਿਸਟਰੇਸ਼ਨ ਅਥਾਰਟੀ, ਮਾਨਸਾ। ------ਉੱਤਰਦਾਤਾ

**ਅਪੀਲ ਕੇਸ ਨੰ:1710/2019**

**ਹਾਜ਼ਰ:-**

1 ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ ਵੱਲੋਂ ਕੋਈ ਵੀ ਨਹੀਂ।

**ਹਕਮ:**

ਪਿਛਲੀ ਪੇਸ਼ੀ, ਮਿਤੀ 28-08-2019 ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਗੁਰਵਿੰਦਰ ਸਿੰਘ, ਡਾਟਾ ਐਂਟਰੀ ਓਪਰੇਟਰ ਨੇ ਕਿਹਾ ਸੀ ਕਿ ਅਪੀਲਕਰਤਾ ਨੂੰ ਮਿਤੀ 02-05-2019 ਨੂੰ ਸੂਚਨਾ ਭੇਜੀ ਜਾ ਚੁੱਕੀ ਹੈ। ਅਪੀਲਕਰਤਾ ਨੇ ਕਿਹਾ ਸੀ ਕਿ ਉਹ ਪ੍ਰਾਪਤ ਸੂਚਨਾ ਤੋਂ ਸੰਤੁਸ਼ਟ ਨਹੀਂ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਅਪੀਲਕਰਤਾ ਨੂੰ ਭੇਜੀ ਗਈ ਸੂਚਨਾ ਨੂੰ ਕਮਿਸ਼ਨ ਵੱਲੋਂ ਘੋਖਣ ਉਪਰੰਤ ਤਸੱਲੀਬਖ਼ਸ ਪਾਇਆ ਗਿਆ ਪਰੰਤੂ ਉੱਤਰਦਾਤਾ ਵੱਲੋਂ ਅਪੀਲਕਰਤਾ ਦੀ ਆਰ.ਟੀ.ਆਈ., ਅਰਜ਼ੀ ਮਿਤੀ 15-02-2019 ਸਬੰਧੀ ਸੂਚਨਾ ਨਿਰਧਾਰਿਤ ਸਮੇਂ ਅੰਦਰ ਭਾਵ 30 ਦਿਨਾਂ ਦੇ ਅੰਦਰ ਅਪੀਲਕਰਤਾ ਨੂੰ ਨਾ ਭੇਜ਼ ਕੇ ਆਰ.ਟੀ.ਆਈ ਐਕਟ, 2005 ਦੀ ਉਲੰਘਣਾ ਕੀਤੀ ਗਈ ਸੀ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਗਈ ਸੀ ਕਿ ਸੂਚਨਾ ਦਾ ਅਧਿਕਾਰ ਐਕਟ, 2005 ਦੀ ਧਾਰਾ 19(8)(ਅ) ਤਹਿਤ ਮੁਆਵਜ਼ੇ ਵਜੋਂ 2000/-ਰੁਪਏ (ਕੇਵਲ ਦੋ ਹਜ਼ਾਰ ਰੁਪਏ) ਦੀ ਰਾਸ਼ੀ ਦੀ ਅਪੀਲਕਰਤਾ ਨੂੰ ਬੈਂਕ ਡਰਾਫ਼ਟ ਰਾਹੀਂ ਮਹਿਕਮੇ ਦੇ ਫੰਡ ਵਿੱਚੋਂ ਅਦਾਇਗੀ ਕਰਕੇ ਅਦਾਇਗੀ ਸਬੰਧੀ ਰਸੀਦ/ਬੈਂਕ ਡਰਾਫਟ ਦੀ ਕਾਪੀ ਪੇਸ਼ੀ ਦੀ ਅਗਲੀ ਮਿਤੀ ਤੇ ਕਮਿਸ਼ਨ ਨੂੰ ਪੇਸ਼ ਕੀਤੀ ਜਾਵੇ। ਇਸ ਲਈ ਇਹ ਕੇਸ ਅਗਲੀ ਸੁਣਵਾਈ ਮਿਤੀ 16-09-2019 ਨੂੰ ਨਿਸਚਿਤ ਕੀਤਾ ਗਿਆ ਸੀ। ਅਪੀਲਕਰਤਾ ਵੱਲੋਂ ਮੁਆਵਜ਼ੇ ਵਜੋਂ 2000/-ਰੁਪਏ (ਕੇਵਲ ਦੋ ਹਜ਼ਾਰ ਰੁਪਏ) ਦਾ ਬੈਂਕ ਡਰਾਫਟ ਪ੍ਰਾਪਤ ਕਰਨ ਦੀ ਪੁਸ਼ਟੀ ਲਈ ਇਹ ਕੇਸ ਅਗਲੀ ਸੁਣਵਾਈ ਮਿਤੀ 09-10-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਪੇਸ਼ੀ ਤੇ ਅਪੀਲਕਰਤਾ ਹਾਜਰ ਨਹੀਂ ਹੋਇਆ ਅਤੇ ਨਾਂ ਹੀ ਉੱਤਰਦਾਤਾ ਵੱਲੋਂ ਕੋਈ ਹਾਜ਼ਰ ਹੋਇਆ ਪਰੰਤੂ ਲੋਕ ਸੂਚਨਾ ਅਧਿਕਾਰੀ-ਕਮ-ਉਪ ਮੰਡਲ ਮੈਜਿਸਟਰੇਟ-ਕਮ-ਲਾਇਸੈਂਸਿੰਗ ਅਥਾਰਟੀ, ਮਾਨਸਾ ਨੇ ਈ.ਮੇਲ, ਮਿਤੀ 16-09-2019 ਰਾਹੀਂ ਭੇਜੇ ਗਏ ਪੱਤਰ ਨੰ:110, ਮਿਤੀ 16-09-2019 ਰਾਹੀਂ ਕਮਿਸ਼ਨ ਨੂੰ ਸੂਚਿਤ ਕੀਤਾ ਸੀ ਕਿ ਉਨ੍ਹਾਂ ਵੱਲੋਂ ਮੁਆਵਜ਼ੇ ਵਜੋਂ 2000/-ਰੁਪਏ (ਕੇਵਲ ਦੋ ਹਜ਼ਾਰ ਰੁਪਏ) ਦਾ ਡਿਮਾਂਡ ਡਰਾਫਟ ਬਣਾ ਕੇ ਅਪੀਲਕਰਤਾ ਨੂੰ ਭੇਜ ਦਿੱਤਾ ਗਿਆ ਹੈ। ਇਸ ਦੇ ਸਬੂਤ ਵਜੋਂ ਉਨ੍ਹਾਂ ਵੱਲੋਂ ਡਿਮਾਂਡ ਡਰਾਫਟ ਦੀ ਕਾਪੀ ਵੀ ਭੇਜੀ ਗਈ ਹੈ ਇਸ ਲਈ ਕਿਉਂਜੋ ਅੱਜ ਪੇਸ਼ੀ ਤੇ ਨਾਂ ਤਾਂ ਅਪੀਲਕਰਤਾ ਅਤੇ ਨਾਂ ਹੀ ਉਤਰਦਾਤਾ ਹੀ ਪੇਸ਼ ਹੋਇਆ ਹੈ ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ ਹੈ **ਇਹ ਕੇਸ ਦਾਖਲ ਦਫਤਰ ਕੀਤਾ ਜਾਂਦਾ ਹੈ।**

(ਨਿਧੱੜਕ ਸਿੰਘ ਬਰਾੜ)
ਰਾਜ ਸੂਚਨਾ ਕਮਿਸ਼ਨਰ, ਪੰਜਾਬ

ਮਿਤੀ: ਚੰਡੀਗੜ੍ਹ, 09 ਅਕਤੂਬਰ, 2019.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਮਿਸ. ਮਨਜੀਤ ਕੌਰ, (85289-61999)
ਪੁੱਤਰੀ ਸ਼੍ਰੀ ਪਰਗਟ ਸਿੰਘ,
ਵਾਸੀ ਮਕਾਨ ਨੰ:353-21-ਈ.ਵਾਈ.,
ਨਿਊ ਆਤਮ ਨਗਰ, ਜਗਰਾਓਂ,
ਜ਼ਿਲ੍ਹਾ ਲੁਧਿਆਣਾ। -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਸੀਨੀਅਰ ਕਪਤਾਨ, ਪੁਲਿਸ,
ਪੁਲਿਸ, ਜਗਰਾਓਂ, ਜ਼ਿਲ੍ਹਾ ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਪੰਜਾਬ ਪੁਲਿਸ (ਹੈੱਡਕੁਆਰਟਰਜ਼),
ਚੰਡੀਗੜ੍ਹ। ------ਉੱਤਰਦਾਤਾ

**ਅਪੀਲ ਕੇਸ ਨੰ:2203/2019**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਬਲਜਿੰਦਰ ਕੁਮਾਰ,ਏ.ਐਸ.ਆਈ .(84271-62130), ਪੁਲਿਸ ਸਟੇਸ਼ਨ ਜਗਰਾਓਂ (ਸਿਟੀ)।

**ਹਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 03-12-2019, ਲੋਕ ਸੂਚਨਾ ਅਧਿਕਾਰੀ ਦਫਤਰ ਸੀਨੀਅਰ ਕਪਤਾਨ, ਪੁਲਿਸ, ਪੁਲਿਸ, ਜਗਰਾਓਂ, ਜ਼ਿਲ੍ਹਾ ਲੁਧਿਆਣਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਐਨ.ਡੀ.ਪੀ.ਐਸ. ਐਕਟ, ਦੀ ਧਾਰਾ 15/61/85 ਤਹਿਤ ਦਰਜ ਐਫ.ਆਈ.ਆਰ.ਨੰ:159/11 ਤੇ ਕੀਤੀ ਗਈ ਕਾਰਵਾਈ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 08-04-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 19-06-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 19-08-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 10-09-2019 ਲਈਂ ਨਿਸਚਿਤ ਕੀਤਾ ਗਿਆ ਸੀ। ਕਮਿਸ਼ਨ ਵੱਲੋਂ ਅਪੀਲਕਰਤਾ ਨੂੰ ਮਿਤੀ 10-09-2019 ਦੀ ਸੁਣਵਾਈ ਲਈ ਭੇਜਿਆ ਗਿਆ ਨੋਟਿਸ ਬਿਨ੍ਹਾਂ ਕਿਸੇ ਰਿਮਾਰਕਸ ਦੇ ਡਾਕਖਾਨੇ ਵੱਲੋਂ ਅਣ-ਵੰਡਿਆ ਵਾਪਸ ਆ ਗਿਆ ਹੈ।

2. ਪਿਛਲੀ ਪੇਸ਼ੀ ਸਮੇਂ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਬਲਜਿੰਦਰ ਕੁਮਾਰ,ਏ.ਐਸ.ਆਈ ਨੇ ਪੱਤਰ ਨੰ:177/ਐਸ.ਏ./ਆਰ.ਟੀ.ਆਈ., ਮਿਤੀ 09-09-2019 ਪੇਸ਼ ਕਰਦੇ ਹੋਏ ਕਿਹਾ ਕਿ ਅਪੀਲਕਰਤਾ ਵੱਲੋਂ ਮੰਗੀ ਸੂਚਨਾ ਪਹਿਲਾਂ ਹੀ ਅਪੀਲਕਰਤਾ ਨੂੰ ਭੇਜੀ ਜਾ ਚੁੱਕੀ ਹੈ। ਅਪੀਲਕਰਤਾ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੰਦੇ ਹੋਏ ਇਹ ਵੀ ਹਦਾਇਤ ਕੀਤੀ ਗਈ ਸੀ ਕਿ ਜੇਕਰ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਸਿੱਧੇ ਤੌਰ ਤੇ ਲੋਕ ਸੂਚਨਾ ਅਧਿਕਾਰੀ ਨੂੰ ਸੂਚਿਤ ਕੀਤਾ ਜਾਵੇ ਤਾਂ ਜ਼ੋ ਉਨ੍ਹਾਂ ਦੀ ਪੂਰਤੀ ਕੀਤੀ ਜਾ ਸਕੇ। ਇਸ ਹਦਾਇਤ ਦੇ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 09-10-2019 ਨੂੰ ਨਿਸਚਿਤ ਕੀਤਾ ਗਿਆ ਸੀ।

3. ਅੱਜ ਪੇਸ਼ੀ ਤੇ ਹਾਜ਼ਰ ਸ਼੍ਰੀ ਬਲਜਿੰਦਰ ਕੁਮਾਰ, ਏ.ਐਸ.ਆਈ ਪੁਲਿਸ ਸਟੇਸ਼ਨ ਜਗਰਾਓਂ (ਸਿਟੀ) ਹਾਜ਼ਰ ਹੋਏ ਲੋਕ ਸੂਚਨਾ ਅਫਸਰ, ਦਫਤਰ ਸੀਨੀਅਰ ਕਪਤਾਨ ਪੁਲਿਸ, ਲੁਧਿਆਣਾ ਦਿਹਾਤੀ ਵਲੋਂ ਲਿਖਿਆ ਪੱਤਰ ਮਿਤੀ 05-10-2019 ਜ਼ੋ ਕਿ ਰਾਜ ਸੂਚਨਾ ਕਮਿਸਨ, ਪੰਜਾਬ ਨੂੰ ਸੰਬੋਧਤ ਹੈ ਸਹਿ ਪੱਤਰਾਂ ਸਹਿਤ ਪੇਸ਼ ਕੀਤਾ ਗਿਆ । ਇਸ ਦੇ ਨਾਲ ਹੀ ਅੱਜ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਹਾਜ਼ਰ ਸ਼੍ਰੀ ਬਲਜਿੰਦਰ ਕੁਮਾਰ, ਏ.ਐਸ.ਆਈ ਵਲੋਂ ਲਿਖਤੀ ਬਿਆਨ ਦਿੱਤਾ ਗਿਆ ਕਿ ਮਿਤੀ 10-09-2019 ਦੇ ਕਮਿਸ਼ਨ ਦੇ ਹੁਕੱਮਾਂ ਅਨੁਸਾਰ ਅਪੀਲਕਰਤਾ ਵਲੋਂ ਕੋਈ ਡੈਫੀਸ਼ੈਂਸੀ ਨਹੀ ਦਿੱਤੀ ਗਈ ਇਸ ਲਈ ਬੇਨਤੀ ਕੀਤੀ ਗਈ ਕਿ ਇਹ ਕੇਸ ਦਾਖਲ ਦਫਤਰ ਕੀਤਾ ਜਾਵੇ।

4. ਅੱਜ ਪੇਸ਼ੀ ਤੇ ਅਪੀਲਕਰਤਾ ਪੇਸ਼ ਨਹੀਂ ਹੋਇਆ। ਉਤਰਦਾਤਾ ਵਲੋਂ ਹਾਜ਼ਰ ਸ਼੍ਰੀ ਬਲਜਿੰਦਰ ਕੁਮਾਰ, ਏ.ਐਸ.ਆਈ

ਚਲਦਾ ਪੰਨਾ/2----ਪਰਤੋ ਜੀ

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:2203/2019**

ਦੁਆਰਾ ਪੇਸ਼ ਕੀਤੇ ਗਏ ਰਿਕਾਰਡ ਅਤੇ ਦਿੱਤੇ ਗਏ ਬਿਆਨਾਂ ਨੂੰ ਘੋਖਣ ਉਪਰੰਤ ਪਾਇਆ ਗਿਆ ਕਿ ਅਪੀਲਕਰਤਾ ਨੂੰ ਮੰਗੀ ਗਈ ਸੂਚਨਾ ਮੁਹੱਈਆ ਕਰਵਾ ਦਿੱਤੀ ਗਈ ਹੈ ਜਿਸਤੇ ਅਪੀਲਕਰਤਾ ਵਲੋਂ ਕੋਈ ਤਰੁੱਟੀ ਪੇਸ਼ ਨਹੀਂ ਕੀਤੀ ਗਈ ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਹ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਰਾਜ ਸੂਚਨਾ ਕਮਿਸ਼ਨਰ, ਪੰਜਾਬ।

ਮਿਤੀ: ਚੰਡੀਗੜ੍ਹ, 09 ਅਕਤੂਬਰ, 2019.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਰਮੇਸ਼ ਕੁਮਾਰ, (98781-09228)
ਮਕਾਨ ਨੰ: 231, ਵੀਰ ਕਲੋਨੀ,
ਬਠਿੰਡਾ-151001. ------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਸਕੱਤਰ, ਪੰਜਾਬ ਸਰਕਾਰ,
ਪ੍ਰਸੋਨਲ ਵਿਭਾਗ, ਚੰਡੀਗੜ੍ਹ। ------ਉੱਤਰਦਾਤਾ

**ਸ਼ਿਕਾਇਤ ਕੇਸ ਨੰ:326/2019**

**ਹਾਜ਼ਰ:-** 1) ਸ਼ਿਕਾਇਤਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਗੁਰਮੀਤ ਸਿੰਘ, ਸੀਨੀਅਰ ਸਹਾਇਕ, ਦਫਤਰ ਪ੍ਰਸੋਨਲ ਵਿਭਾਗ,ਪੰਜਾਬ (ਪੀ.ਸੀ.ਐਸ.ਸ਼ਾਖਾ) (84270 08852)।

**ਹੁਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ, ਮਿਤੀ 18-06-2018 ਨੂੰ ਲੋਕ ਸੂਚਨਾ ਅਧਿਕਾਰੀ ਦਫਤਰ ਸਕੱਤਰ, ਪੰਜਾਬ ਸਰਕਾਰ, ਸ਼ਿਕਾਇਤ ਨਿਵਾਰਣ ਵਿਭਾਗ, ਚੰਡੀਗੜ੍ਹ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਉਸ ਨੇ ਮਾਣਯੋਗ ਪ੍ਰਧਾਨ ਮੰਤਰੀ ਜੀ ਨੂੰ ਚੇਅਰਮੈਨ, ਪੰਜਾਬ ਲੋਕ ਸੇਵਾ ਕਮਿਸ਼ਨ ਵਿਰੁੱਧ ਕੀਤੀ ਗਈ ਸ਼ਿਕਾਇਤ (ਰਜਿਸਟਰੇਸ਼ਨ ਨੰ:ਪੀ.ਐਮ.ਓ.ਪੀ.ਜੀ./ਡੀ/2018/0115788, ਮਿਤੀ 26-03-2018) ਬਾਰੇ ਸੂਚਨਾ ਮੰਗੀ ਸੀ। ਸ਼ਿਕਾਇਤਕਰਤਾ ਵੱਲੋਂ ਮੰਗੀ ਗਈ ਸੂਚਨਾ ਦਾ ਸਬੰਧ ਪ੍ਰਸੋਨਲ ਵਿਭਾਗ ਨਾਲ ਹੋਣ ਕਾਰਨ ਲੋਕ ਸੂਚਨਾ ਅਧਿਕਾਰੀ ਦਫਤਰ ਸਕੱਤਰ, ਪੰਜਾਬ ਸਰਕਾਰ, ਸ਼ਿਕਾਇਤ ਨਿਵਾਰਣ ਵਿਭਾਗ, ਵੱਲੋਂ ਆਪਣੇ ਪੱਤਰ ਨੰ:8/6/2018-5ਸਿਨਿ/432, ਮਿਤੀ 26-06-2018 ਰਾਹੀਂ ਸ਼ਿਕਾਇਤਕਰਤਾ ਦਾ ਬਿਨੈ-ਪੱਤਰ ਸੂਚਨਾ ਦਾ ਅਧਿਕਾਰ ਐਕਟ, 2005 ਦੀ ਧਾਰਾ 6(3) ਤਹਿਤ ਸਕੱਤਰ, ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ, ਚੰਡੀਗੜ੍ਹ ਨੂੰ ਤਬਦੀਲ ਕਰ ਦਿੱਤਾ ਗਿਆ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਮਿਤੀ 29-03-2019 ਨੂੰ ਸ਼ਿਕਾਇਤਕਰਤਾ ਨੇ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 24-05-2019 ਨੂੰ ਨੋਟਿਸ ਜਾਰੀ ਕਰ ਕੇ ਇਹ ਕੇਸ ਪਹਿਲੀ ਸੁਣਵਾਈ, ਮਿਤੀ 01-07-2019 ਲਈ ਨਿਸਚਿਤ ਕੀਤਾ ਗਿਆ ਸੀ। ਇਸ ਉਪਰੰਤ ਅਗਲੀ ਮਿਤੀ 17 ਜੁਲਾਈ, 2019 , ਮਿਤੀ 14 ਅਗਸਤ, 2019 ਅਤੇ ਪਿਛੋਲੀ ਮਿਤੀ 10 ਸਤੰਬਰ, 2019 ਨਿਸਚਿਤ ਕੀਤੀ ਗਈ । ਪਿਛਲੀ ਮਿਤੀ ਤੇ ਉਤਰਦਾਤਾ ਵਲੋਂ ਜੋ ਉਤਰ ਦਿੰਤਾ ਗਿਆ ਸੀ ਜੋ ਕਿ ਪੜ੍ਹਨਯੋਗ ਨਾ ਹੋਣ ਕਾਰਨ ਵਾਪਸ ਕਰ ਦਿੱਤਾ ਗਿਆ ਸੀ

2. ਅੱਜ ਪੇਸ਼ੀ ਤੇ ਸ਼ਿਕਾਇਤਕਰਤਾ ਵੱਲੋਂ ਕੋਈ ਹਾਜ਼ਰ ਨਹੀਂ ਹੋਇਆ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਗੁਰਮੀਤ ਸਿੰਘ, ਸੀਨੀਅਰ ਸਹਾਇਕ, ਦਫਤਰ ਪ੍ਰਸੋਨਲ ਵਿਭਾਗ,ਪੰਜਾਬ (ਪੀ.ਸੀ.ਐਸ.ਸ਼ਾਖਾ) ਹਾਜ਼ਰ ਹੋਇਆ। ਉਤਰਦਾਤਾ ਵਲੋਂ ਪੱਤਰ ਮਿਤੀ 18-09-2019 ਸਹਿ ਪੱਤਰਾਂ ਸਹਿਤ ਪੇਸ਼ ਕੀਤਾ ਗਿਆ ਜੋ ਕਿ ਸ਼ਿਕਾਇਤਕਰਤਾ ਨੂੰ ਸੰਬੋਧਤ ਹੈ ਅਤੇ ਇਕ ਉਤਾਰਾ ਕਮਿਸ਼ਨ ਨੂੰ ਕੀਤਾ ਗਿਆ ਹੈ। ਇਸ ਪੱਤਰ ਰਾਹੀਂ ਸ਼ਿਕਾਇਤਕਰਤਾ ਨੂੰ ਦਸਿਆ ਗਿਆ ਕਿ ਉਸਦੀ ਪ੍ਰਧਾਨ ਮੰਤਰੀ ਦਫਤਰ ਰਾਹੀਂ ਪ੍ਰਾਪਤ ਸ਼ਿਕਾਇਤ ਦਾਖਲ ਦਫਤਰ ਕਰ ਦਿੱਤੀ ਗਈ ਹੈ ਅਤੇ ਦਾਖਲ ਦਫਤਰ ਕਰਨ ਸਬੰਧੀ ਨੋਟਿੰਗ ਦੀਆਂ ਕਾਪੀਆਂ ਵੀ ਨਾਲ ਨੱਥੀ ਕੀਤੀਆਂ ਗਈਆਂ ਹਨ।

4. ਅੱਜ ਸ਼ਿਕਾਇਤਕਰਤਾ ਹਾਜ਼ਰ ਨਹੀਂ ਹੋਇਆ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਪੇਸ਼ ਕੀਤਾ

ਚਲਦਾ ਪੰਨਾ/2----ਪਰਤੋ ਜੀ

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:326/2019**

ਗਿਆ ਪੱਤਰ ਮਿਤੀ 18-09-2019 ਮਿਸਲ ਤੇ ਰੱਖ ਲਿਆ ਗਿਆ ਹੈ। ਸ਼ਿਕਾਇਤਕਰਤਾ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੰਦੇ ਹੋਏ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਸਿੱਧੇ ਤੌਰ ਤੇ ਲੋਕ ਸੂਚਨਾ ਅਧਿਕਾਰੀ ਨੂੰ ਸੂਚਿਤ ਕੀਤਾ ਜਾਵੇ ਤਾਂ ਜ਼ੋ ਉਨ੍ਹਾਂ ਦੀ ਪੂਰਤੀ ਕੀਤੀ ਜਾ ਸਕੇ। ਉਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸ਼ਿਕਾਇਤਕਰਤਾ ਪਾਸੋਂ ਜੇ ਕੋਈ ਤਰੁੱਟੀਆਂ ਦਸੀਆਂ ਜਾਂਦੀਆਂ ਹਨ ਤਾਂ ਉਨ੍ਹਾਂ ਨੂੰ ਦੂਰ ਕਰਕੇ ਸ਼ਿਕਾਇਤਕਰਤਾ ਨੂੰ ਭਜਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਦੇ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 23-10-2019 ਨੂੰ ਨਿਸਚਿਤ ਕੀਤਾ ਗਿਆ ਸੀ।

(ਨਿਧੱੜਕ ਸਿੰਘ ਬਰਾੜ)

**ਮਿਤੀ: ਚੰਡੀਗੜ੍ਹ, 09 ਅਕਤੂਬਰ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**